ਰੁਦਨ ਕਰੇਂਦਾ ਸੂਰਜ

(ਗ਼ਜ਼ਲ ਸੰਗ੍ਰਹਿ)

ਲੇਖਕ : ਸ਼ਾਕਿਰ ਪੁਰਸ਼ਾਰਥੀ

ਸੰਪਾਦਨ : ਅਜੀਤ ਪਿਆਸਾ

ਸਹਿ ਸੰਪਾਦਨ : ਜਗਜੀਤ ਜੀਤ

ਪੰਜਾਬੀ ਲੇਖਕ ਡਾਟ ਕਾਮ

ਸ਼ਿਕਾਗੋ, ਅਮਰੀਕਾ

ਰੁਦਨ ਕਰੇਂਦਾ ਸੂਰਜ

ਗ਼ਜ਼ਲ ਸੰਗ੍ਰਹਿ

ਲੇਖਕ : ਸ਼ਾਕਿਰ ਪੁਰਸ਼ਾਰਥੀ

ਸੰਪਾਦਨ : ਅਜੀਤ ਪਿਆਸਾ
936-ਕੱਚਾ ਕਿਲ੍ਹਾ, ਜਗਰਾਉਂ
ਫੋਨ : 94177-87238
ਸਹਿ ਸੰਪਾਦਨ : ਜਗਜੀਤ ਜੀਤ
ਪੁੱਤਰ ਸ. ਰਜਿੰਦਰ ਸਿੰਘ
ਲਾਜਪਤ ਰਾਏ ਰੋਡ, ਜਗਰਾਉਂ (142026
ਫੋਨ : 98888-63665

ਵਿਸ਼ੇਸ਼ ਸਹਿਯੋਗ :
ਸੁਖਦੇਵ ਸਿੰਘ ਮਾਨ (ਖੇਮੂਆਣਾ, ਬਠਿੰਡਾ)
ਚਰਨਜੀਤ ਸਿੰਘ ਸੰਧੂ (ਜਸਰਾਊਰ, ਅੰਮ੍ਰਿਤਸਰ)
ਬਚਨ ਸਿੰਘ ਸਿੱਧੂ (ਦਹੁਦਰ, ਮੋਗਾ)
ਸੋਹਣ ਸਿੰਘ ਔਲਖ (ਗਲਵੱਟੀ, ਨਾਭਾ)

2013

ਮੁੱਲ : 120/-, 15 ਡਾਲਰ
ਸਰਵਰਕ ਫੋਟੋ : ਸਵਰਨਜੀਤ ਸਵੀ
ਸਰਵਰਕ ਪੇਟਿੰਗ : ਜਨਮੇਜਾ ਜੌਹਲ
ਸਰਵਰਕ ਅੱਖਰਕਾਰੀ : ਰੁਪਿੰਦਰ ਸਿੰਘ ਔਲਖ
ਟਾਇਪ ਸੈੱਟ : ਰਾਵਿੰਦਰ ਰਵੀ, ਜਗਦੀਪ ਕੌਰ

ਛਾਪਕ : ਏਸ਼ੀਆ ਵਿਜ਼ਨ
1-209-589-3367, 91-98159-45018

ਪ੍ਰਕਾਸ਼ਕ: ਪੰਜਾਬੀ ਲੇਖਕ ਡਾਟ ਕਾਮ
Gurmukh Bhullar, PO BOX 7205
VILLA PARK IL. 60181 USA
email : info@punjabilekhak.com
gbhullar99@gmail.com
Phone 630 708 8451

ਸਮਰਪਣ

ਜਗਰਾਵਾਂ ਦੇ ਇਲਮੀ ਫ਼ੱਕਰ ਸ਼ਾਕਿਰ ਪੁਰਸ਼ਾਰਥੀ ਜੀ ਦੀ
ਸੱਚੀ ਸੁੱਚੀ ਰੂਹ ਦੇ ਨਾਮ----

''ਫਿਰ ਇਕ ਦਿਨ ਉਹ, ਸਮੁੰਦਰ ਦੇ ਸਫ਼ਰ ਤੋਂ ਪਰਤ ਆਇਆ ਸੀ
ਤੇ ਮੁੱਠੀ ਵਿਚ ਅਪਣੀ ਰੇਤ ਦੀ ਸੌਗਾਤ ਲਿਆਇਆ ਸੀ''

----ਸ: ਪੁਰਸ਼ਾਰਥੀ

ਨਾਮ: ਹਰਪ੍ਰਕਾਸ਼

ਸਾਹਿਤਕ ਨਾਮ: ਸ਼ਾਕਿਰ ਪੁਰਸ਼ਾਰਥੀ
ਪਿਤਾ: ਸ੍ਰੀ ਨੌਹਰੀਆ ਰਾਮ
ਮਾਤਾ: ਸ੍ਰੀ ਮਤੀ ਲਾਜਵੰਤੀ
ਪਤਨੀ: ਸ੍ਰੀ ਮਤੀ ਰਾਜ ਦੁਲਾਰੀ
ਧੀਆਂ: **1** ਸ਼ਕਤੀ **2** ਨੀਲਮ
ਪੁੱਤਰ: ਸਵ: ਰਮਾਕਾਂਤ, ਸਵ: ਰਮੇਸ਼ ਕੁਮਾਰ, ਸਵ: ਸੰਜੇ ਕੁਮਾਰ
ਨੂੰਹ: ਸ੍ਰੀ ਮਤੀ ਆਸ਼ਾ ਰਾਣੀ ਪਤਨੀ ਸਵ: ਰਮੇਸ਼ ਕੁਮਾਰ
ਪੋਤੀ : ਮੋਨਿਕਾ

ਹਾਦਸਾ : ਜਨਵਰੀ **06–1971**
ਜਿਸ ਵਿਚ ਮਾਤਾ ਪਿਤਾ ਅਤੇ ਪਲੇਠੇ ਪੁੱਤਰ ਰਮਾਕਾਂਤ ਦੀ ਮੌਤ
(ਇਹ ਤਿੰਨੋ ਜੀਅ ਬਿਜਲੀ ਦਾ ਕਰੰਟ ਲੱਗਣ ਕਰਕੇ ਥਾਂ ਤੇ ਹੀ ਮਰ ਗਏ)
ਪਤਨੀ ਦੀ ਮੌਤ : **25–9–1992**
ਸ਼ਾਕਿਰ ਪੁਰਸ਼ਾਰਥੀ ਦੀ ਮੌਤ : **13–12–1993**

ਅੰਗ ਸੰਗ

"ਮਾਂ ਬੋਲੀ ਪੰਜਾਬੀ ਹੀ ਸੀ ਜਿਸਦੇ ਸੰਗ ਅਸਾਂ ਮਾਂ ਕੋਲੋਂ ਓਹ ਪਹਿਲਾ ਤੋਤਲਾ ਸ਼ਬਦ ਬੋਲਣਾ ਸਿਖਿਆ ਸੀ ਤੇ ਅਸਾਂ ਨੂੰ ਮਾਣ ਹੈ ਅਪਣੀ ਮਾਂ ਬੋਲੀ ਉੱਤੇ - ਜਿਸ ਦੀ ਗੁੜ੍ਹਤੀ ਲੈ ਸਾਡੇ ਬੱਚੇ ਪੜ੍ਹ ਲਿਖ ਸੋਹਣੇ ਮੁਕਾਮ ਤੇ ਅੱਪੜੇ ਹਨ । ਭਾਵੇਂ ਕਿ ਅੱਜ ਅਸੀ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਵਸਦੇ ਹਾਂ, ਪਰ ਅਸਾਡੀ ਸੋਚ ਤੇ ਸੁਪਨਿਆਂ ਅੰਦਰ ਮਾਂ ਬੋਲੀ ਪੰਜਾਬੀ ਸਦਾ ਅੰਗ ਸੰਗ ਰਹਿੰਦੀ ਹੈ।

ਸ਼ਾਲਾ, ਪ੍ਰਦੇਸੀਂ ਵਸਦੀਆਂ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਆਪਣੇ ਪੁਰਖਿਆਂ ਦੀ ਬੋਲੀ ਅਤੇ ਮਾਣਮੱਤੇ ਇਤਿਹਾਸ ਦਾ ਚੋਗਾ ਹਰ ਹਾਲ ਮਿਲਦਾ ਰਹੇ - ਤੇ ਪੰਜਾਬੀ ਭਾਸ਼ਾ ਦਾ ਰੁਤਬਾ ਦੇਸ਼ੀਂ ਵਿਦੇਸ਼ੀਂ ਹੋਰ ਵੀ ਉੱਚਾ ਹੋਵੇ ।"

ਮੁਕਿਲਟੀਓ, ਵਸ਼ਿੰਗਟਨ ਅਮਰੀਕਾ ਤੋਂ ---

ਸੁਖਦੇਵ ਸਿੰਘ ਮਾਨ (ਖੇਮੂਆਣਾ, ਬਠਿੰਡਾ)
ਚਰਨਜੀਤ ਸਿੰਘ ਸੰਧੂ (ਜਸਰਾਊਰ, ਅੰਮ੍ਰਿਤਸਰ)
ਬਚਨ ਸਿੰਘ ਸਿੱਧੂ (ਦਹੁਦਰ, ਮੋਗਾ)
ਸੋਹਣ ਸਿੰਘ ਔਲਖ (ਗਲਵੱਟੀ, ਨਾਭਾ)

ਪਥਰੀਲੀ ਰਹਿਗੁਜ਼ਰ ਦੇ ਰਾਹੀ ਦੀਆਂ ਸੂਖ਼ਮ ਪੈੜਾਂ

-ਸੁਰਜੀਤ ਪਾਤਰ

ਮਾਂ ਬਾਪ ਨੇ ਉਹਦਾ ਨਾਮ ਹਰ ਪ੍ਰਕਾਸ਼ ਰੱਖਿਆ ਸੀ । ਪਰ ਉਸ ਦੇ ਅਦਬੀ ਸ਼ੌਕ ਨੇ ਉਹਨੂੰ 'ਸਾਹਿਤਕ ਯੋਗ' ਦੇ ਕੇ ਉਸ ਦਾ ਨਾਮ ਸ਼ਾਕਿਰ ਪੁਰਸ਼ਾਰਥੀ ਰੱਖਿਆ । ਸ਼ਾਕਿਰ ਫ਼ਾਰਸੀ ਦਾ ਲਫ਼ਜ਼ ਹੈ ਜਿਸ ਦਾ ਅਰਥ ਹੈ ਸ਼ੁਕਰ ਕਰਨ ਵਾਲਾ, ਸ਼ੁਕਰਗੁਜ਼ਾਰ, ਸੰਤੋਖੀ । ਪੁਰਸ਼ਾਰਥੀ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਮਾਨਵ ਲਈ ਕਰਨਜੋਗ ਕਾਰਜ ਕਰਨ ਵਾਲਾ, ਧਰਮ ਅਰਥ ਕਾਮ ਮੋਕਸ਼ ਦੇ ਕਰਤੱਵਾਂ ਨੂੰ ਨਿਭਾਉਣ ਵਾਲਾ ਸਮਰੱਥ ਵਿਅਕਤੀ ।

ਇਕ ਫ਼ਾਰਸੀ ਅਤੇ ਇਕ ਸੰਸਕ੍ਰਿਤ ਸ਼ਬਦ ਮਿਲਾ ਕੇ ਬਣਿਆਂ ਇਹ ਨਾਮ ਵੱਖ ਵੱਖ ਭਾਸ਼ਾਵਾਂ ਤੱਕ ਸ਼ਾਕਿਰ ਹੋਰਾਂ ਦੀ ਰਸਾਈ ਨੂੰ ਵੀ ਰੂਪਮਾਨ ਕਰਦਾ ਹੈ ਤੇ ਉਸ ਦੇ ਦੋਸਤਾਂ ਅਤੇ ਉਸਤਾਦਾਂ ਦੇ ਪ੍ਰਭਾਮੰਡਲੀ ਤੇ ਦਰਖ਼ਸ਼ਾਂ ਦਾਇਰੇ ਨੂੰ ਵੀ ਜਿਸ ਵਿਚ ਡਾ ਸੱਯਦ ਫ਼ੈਜ਼ੀ ਵੀ ਸ਼ਾਮਿਲ ਸਨ, ਕੱਯੂਮ ਨਜ਼ਰ ਵੀ , ਅੰਜੁਮ ਰੁਮਾਨੀ ਵੀ, ਮਖ਼ਮੂਰ ਜਾਲੰਧਰੀ ਵੀ, ਮੌਲਾਨਾ ਆਜ਼ਮੀ ਵੀ, ਪਿਆਰਾ ਸਿੰਘ ਪਦਮ ਵੀ, ਅਜਾਇਬ ਚਿਤਰਕਾਰ ਵੀ, ਡਾ ਯੋਗ ਰਾਜ ਅਹੂਜਾ ਵੀ, ਪ੍ਰੋ ਕੁੰਦਨ ਲਾਲ ਵੀ, ਰੋਹਤਕ ਯੂਨੀਵਰਸਿਟੀ ਵਿਚ ਅੰਗਰੇਜ਼ੀ ਵਿਭਾਗ ਦੇ ਮੁਖੀ ਬਿਮਲ ਕ੍ਰਿਸ਼ਨ ਅਸ਼ਕ ਵੀ, ਤੇ ਹਿੰਦੀ -ਸੰਸਕ੍ਰਿਤ ਵਿਭਾਗ ਦੇ ਮੁਖੀ ਪ੍ਰੋ ਖੁਸ਼ੀ ਰਾਮ ਸ਼ਰਮਾ ਵੀ ।

ਸ਼ਾਕਿਰ ਅਦਬ-ਇ-ਲਤੀਫ਼ ਵਿਚ ਵੀ ਛਪਿਆ ਤੇ ਗਯਾਨੋਦਯ ਵਿਚ ਵੀ । ਅਨੁਵਾਦਕ ਅਤੇ ਮੌਲਿਕ ਸਿਰਜਕ ਉਸ ਦੇ ਦੋਨੋਂ ਰੂਪ ਜ਼ਹੀਨ ਸਨ ।

ਉਸ ਦੇ ਨਾਮ ਵਿਚ ਦੋ ਮਹਾਨ ਸੱਭਿਅਤਾਵਾਂ ਦਾ ਸੰਗਮ ਹੁੰਦਾ ਹੈ ।

ਪਰ ਇਕ ਵਕਤ ਆਇਆ ਉਸ ਦੇ ਖ਼ਾਨਦਾਨੀ ਨਾਮ ਵਾਂਗ ਹੀ ਉਸ ਦਾ ਖ਼ਾਨਦਾਨ ਵੀ ਉਸ ਤੋਂ ਸਦਾ ਲਈ ਵਿੱਛੜ ਗਿਆ, ਉਸ ਨੂੰ ਮੁਕੰਮਲ ਤੌਰ ਤੇ ਸ਼ਾਕਿਰ ਪੁਰਸ਼ਾਰਥੀ ਬਣਾਉਣ ਲਈ । ਇਕ ਕਹਿਰ ਦੇ ਦਿਨ ਉਸ ਦੇ ਮਾਤਾ ਪਿਤਾ ਅਤੇ ਪੁੱਤਰ ਇਕ ਹਾਦਸੇ ਕਾਰਣ ਵਿਦਾ ਹੋ ਗਏ ਤੇ ਹੁਣ ਇਕ ਨੂੰਹ ਤੇ ਇਕ ਪੋਤੀ ਤੋਂ ਇਲਾਵਾ ਅਦਬ ਹੀ ਉਸ ਦਾ ਪਰਵਾਰ ਸੀ... ਪਰ ਇਸ ਸਦਮੇ ਨਾਲ ਇਕ ਵਾਰ ਤਾਂ ਕਲਮ ਵੀ ਉਸ ਦੇ ਹੱਥੋਂ ਡਿਗ ਪਈ । ਪਰ ਉਹ ਫਿਰ ਸੰਭਲਿਆ ਤੇ ਹੌਲੀ ਹੌਲੀ ਫਿਰ ਆਪਣੇ ਕਾਰਜ ਨੂੰ ਸਮਰਪਿਤ ਹੋ ਗਿਆ । ਆਖ਼ਰ ਸ਼ਾਕਿਰ ਪੁਰਸ਼ਾਰਥੀ ਸੀ ਨਾ !

ਮੈਂ ਜ਼ਿੰਦਗੀ ਵਿਚ ਉਸ ਨੂੰ ਤਿੰਨ ਚਾਰ ਵਾਰ ਮਿਲਿਆ ਸਾਂ । ਉਸ ਨਾਲ ਦੋ ਚਾਰ ਗੱਲਾਂ ਹੁੰਦੀਆਂ ਪਰ ਹੁੰਦੀਆਂ ਬਹੁਤ ਰਸੀਲੀਆਂ । ਕਦੇ ਕਿਸੇ ਸੁਹਣੇ ਸ਼ੇਅਰ ਦੀਆਂ, ਕਦੇ ਕਿਸੇ ਸਾਹਿਤਕ ਲਹਿਰ ਦੀਆਂ । ਕਦੀ ਕੋਈ ਸੁਹਣਾ ਜੁਮਲਾ, ਕਦੀ ਕੋਈ ਦਿਲਚਸਪ ਟੋਟਕਾ...

ਤੇ ਫਿਰ ਸ਼ਾਕਿਰ ਪੁਰਸ਼ਾਰਥੀ ਸਦਾ ਲਈ ਵਿਛੜ ਗਿਆ । ਉਸ ਦੀ ਪਿਆਰੀ ਯਾਦ ਰਹਿ ਗਈ । ਹੌਲੀ ਹੌਲੀ ਉਹ ਵੀ ਧੁੰਦਲੀ ਹੋਣ ਲੱਗੀ । ਏਨੀ ਧੁੰਦਲੀ ਕਿ ਉਹ ਸਚੇਤ ਮਨ ਚੋਂ ਜਿਵੇਂ ਵਿਸਰ ਹੀ ਗਿਆ, ਕਿਤੇ ਡੂੰਘੇ ਚੇਤਿਆਂ ਵਿਚ ਲਹਿ ਗਿਆ ।

ਕੁਝ ਦਿਨ ਪਹਿਲਾਂ ਜਗਰਾਵਾਂ ਠੰਢੀਆਂ ਛਾਂਵਾਂ ਵਾਲਾ ਕਵੀ ਦੋਸਤ ਅਜੀਤ ਪਿਆਸਾ ਸ਼ਾਕਿਰ ਪੁਰਸ਼ਾਰਥੀ ਦੀਆਂ ਗ਼ਜ਼ਲਾਂ ਦਾ ਖਰੜਾ ਲੈ ਕੇ ਮੇਰੇ ਕੋਲ ਆਇਆ ਤਾਂ ਸ਼ਾਕਿਰ ਪੁਰਸ਼ਾਰਥੀ ਦਾ ਭਾਵਨਾਵਾਂ ਭਰਿਆ ਹੱਸਾਸ ਚਿਹਰਾ ਮੇਰੇ ਸਨਮੁਖ ਆ ਗਿਆ । ਮੈਂ ਕਿਹਾ : ਹਾਂ ਯਾਰ ! ਸ਼ਾਕਿਰ ਪੁਰਸ਼ਾਰਥੀ । ਹੁੰਦਾ ਸੀ ਇਕ ਸ਼ਾਕਿਰ ਪੁਰਸ਼ਾਰਥੀ । ਅਸੀਂ ਤਾਂ ਉਸ ਨੂੰ ਬਿਲਕੁਲ ਹੀ ਵਿਸਾਰ ਦਿੱਤਾ ਸੀ । ਉਹ

ਇਉਂ ਵਿਸਾਰਨਯੋਗ ਤਾਂ ਨਹੀਂ ਸੀ, ਵਿਸਰਨਯੋਗ ਵੀ ਨਹੀਂ ਸੀ।

ਮੈਂ ਸ਼ਾਕਿਰ ਪੁਰਸ਼ਾਰਥੀ ਦੀਆਂ ਗ਼ਜ਼ਲਾਂ ਪੜ੍ਹ ਕੇ ਹੈਰਾਨ ਰਹਿ ਗਿਆ । ਏਨੀਆਂ ਸੁਹਣੀਆਂ ਗ਼ਜ਼ਲਾਂ ਏਨਾ ਚਿਰ ਕਿਸ ਤਰ੍ਹਾਂ ਛੁਪੀਆਂ ਰਹੀਆਂ ? ਸ਼ਾਕਿਰ ਪੁਰਸ਼ਾਰਥੀ ਦੇ ਜਿਉਂਦੇ ਜੀਅ ਮੈਂ ਇਨ੍ਹਾਂ ਦਾ ਕੋਈ ਸ਼ੇਅਰ ਕਿਉਂ ਨਾ ਸੁਣਿਆਂ ? ਮੈਨੂੰ ਕਿਸੇ ਨੇ ਆ ਕੇ ਕਿਉਂ ਨਾ ਕਿਹਾ, ਇਹ ਸ਼ੇਅਰ ਸੁਣ ? :

ਪੱਤਣ ਸੁੰਨ ਮਸਾਣ ਪਿਆ ਹੈ
ਲਗਦੈ ਕੋਈ ਡੁੱਬ ਗਿਆ ਹੈ ।
ਹੁਣ ਤਾਂ ਪ੍ਰਾਣ -ਪਖੇਰੂ ਸ਼ਾਕਿਰ
ਉੜਣ ਲਈ ਪਰ ਤੋਲ ਰਿਹਾ ਹੈ ।

ਜਾਂ

ਜੈਸਾ ਮੂਡ ਉਹੋ ਜਿਹਾ ਮੰਜ਼ਰ ਹੁੰਦਾ ਹੈ
ਮੌਸਮ ਤਾਂ ਇਨਸਾਨ ਦੇ ਅੰਦਰ ਹੁੰਦਾ ਹੈ

ਸ਼ਾਕਿਰ ਪੁਰਸ਼ਾਰਥੀ ਹੋਰਾਂ ਨੇ ਵੀ ਇਹ ਗ਼ਜ਼ਲਾਂ ਕਦੀ ਕਿਤੇ ਛਪਵਾਈਆਂ ਨਾ, ਇਹ ਗ਼ਜ਼ਲਾਂ ਤਾਰਿਆਂ ਵਾਂਗ ਓਦੋਂ ਹੀ ਦਿਸੀਆਂ ਜਦੋਂ ਸੂਰਜ 'ਗ਼ਰੂਬ ' ਹੋ ਗਿਆ । ਸ਼ਾਕਿਰ ਹੋਰਾਂ ਦੀ ਇਕ ਗ਼ਜ਼ਲ ਹੈ :

ਗ਼ਰੂਬ ਹੋਣ ਤੋਂ ਪਹਿਲਾਂ ਅਜ਼ਲ ਦੀ ਮਿੱਟੀ ਵਿਚ
ਲਹੂ ਦੀ ਬੂੰਦ ਬਹੁਤ ਦੇਰ ਛਲਕੀ ਮਿੱਟੀ ਵਿਚ
ਉਫ਼ਕ ਤੋਂ ਟੁੱਟ ਕੇ ਹੋਇਆ ਜੋ ਉਸ ਗਲੀ ਦੀ ਖ਼ਾਕ
ਸਦੀ ਦੇ ਖ਼ਾਬ ਨੇ ਉਸ ਇੱਕੋ ਪਲ ਦੀ ਮਿੱਟੀ ਵਿਚ
ਤੇਰੇ ਵਜੂਦ 'ਚ ਕੀ ਸ਼ੈਅ ਛੁਪੀ ਸੀ ਅਲਹਮਰਾ
ਚਮਕ ਰਹੀ ਹੈ ਜੋ ਹੁਣ ਤੱਕ ਮਹਲ ਦੀ ਮਿੱਟੀ ਵਿਚ
ਮਿਰੀ ਨਿਗਾਹ ਚ ਰੱਖੀਆਂ ਬੁਲੰਦੀਆਂ ਲੇਕਿਨ
ਮਿਰੇ ਮਿਜ਼ਾਜ ਨੂੰ ਗੁੰਨ੍ਹਿਆ ਹੈ ਹਲਕੀ ਮਿੱਟੀ ਵਿਚ
ਬੱਸ ਇੱਕੋ ਕੂਜ਼ਾਗਰੀ ਸੀ ਅਸਾਡੇ ਫ਼ਨ ਦਾ ਕਮਾਲ
ਸੋ ਉਹ ਵੀ ਖ਼ਾਕ ਹੋਈ ਅੱਜ-ਕੱਲ ਦੀ ਮਿੱਟੀ ਵਿਚ

ਇਨ੍ਹਾਂ ਗ਼ਜ਼ਲਾਂ ਵਿਚ ਉਰਦੂ ਫ਼ਾਰਸੀ ਅਰਬੀ ਦਾ ਰੰਗ ਬੇਹੱਦ ਗੂੜ੍ਹਾ ਹੈ। ਪਰ ਇਹ ਰੰਗ ਸਿਰਫ਼ ਲਫ਼ਜ਼ਾਂ ਕਰ ਕੇ ਹੀ ਨਹੀਂ, ਹੋਰ ਹਵਾਲਿਆਂ ਪੱਖੋਂ ਵੀ ਹੈ । ਉੱਪਰਲੀ ਗ਼ਜ਼ਲ ਵਿਚ ਗਰੂਬ, ਕੂਜ਼ਾਗਰੀ, ਮਿਜ਼ਾਜ, ਉਫ਼ਕ, ਅਜ਼ਲ ਤੇ ਫ਼ਨ ਆਦਿ ਦੇ ਨਾਲ ਇਕ ਲਫ਼ਜ਼ ਹੈ : *ਅਲ ਹਮਰਾ* । ਅਲ ਹਮਰਾ ਇਕ ਸਦੀਆਂ ਪੁਰਾਣਾ ਫ਼ਲਸਤੀਨੀ ਨਗਰ ਹੈ ਜਿਸਨੂੰ **1948** ਵਿਚ ਇਜ਼ਰਾਈਲੀਆਂ ਨੇ ਉਜਾੜ ਦਿੱਤਾ ਸੀ

।

ਸ਼ਾਕਿਰ ਜੀ ਦਾ ਉਰਦੂ ਗ਼ਜ਼ਲ ਨਾਲ ਸਚੇਤ ਅਚੇਤ ਪਿਆਰ ਏਨਾ ਗੂੜ੍ਹਾ ਹੈ ਕਿ ਕਈ ਗ਼ਜ਼ਲਾਂ ਬਹੁਤ ਆਸਾਨੀ ਨਾਲ ਉਰਦੂ ਗ਼ਜ਼ਲਾਂ ਵਿਚ ਰੂਪਾਂਤਰਿਤ ਹੋ ਜਾਂਦੀਆਂ ਹਨ ਤੇ ਲਗਦਾ ਹੈ ਜਿਵੇਂ ਇਨ੍ਹਾਂ ਦਾ ਮੂਲ ਰੂਪ ਉਰਦੂ ਹੀ ਹੋਵੇ ਤੇ ਆਪਣੇ ਮੂਲ ਰੂਪ ਵਿਚ ਜਾ ਕੇ ਇਹ ਹੋਰ ਵੀ ਖਿੜ ਜਾਂਦੀਆਂ ਹਨ ; ਮਿਸਾਲ ਦੇ ਤੌਰ ਤੇ ਇਸ ਗ਼ਜ਼ਲ ਦਾ ਮਤਲਾ ਦੇਖੋ :

ਬਦਨਾਮੀਆਂ ਦੇ ਜ਼ਖ਼ਮ ਜਬੀਂ ਤੇ ਵੀ ਆਉਣਗੇ
ਜੇ ਚੁੱਕ ਲਿਆ ਹੈ ਜਾਮ ਤਾਂ ਪੱਥਰ ਵੀ ਆਉਣਗੇ

ਇਸ ਮਤਲੇ ਵਿਚ ਜੇ ਅਸੀਂ 'ਜਬੀਂ ਤੇ ' ਦੀ ਥਾਂ 'ਜਬੀਂ ਪਰ ' ਲਿਖੀਏ, ਤਾਂ ਹੀ ਪੱਥਰ ਨਾਲ ਇਹਦਾ ਕਾਫ਼ੀਆ ਮਿਲਦਾ ਹੈ, ਵਰਨਾ ਨਹੀਂ ਮਿਲਦਾ :

ਬਦਨਾਮੀਓਂ ਕੇ ਜ਼ਖ਼ਮ ਜਬੀਂ ਪਰ ਭੀ ਆਏਂਗੇ
ਅਬ ਉਠਾ ਲੀਆ ਹੈ ਜਾਮ ਤੋ ਪੱਥਰ ਭੀ ਆਏਂਗੇ

ਸ਼ਾਕਿਰ ਜੀ ਦੀ ਡਾਇਰੀ ਵਿਚ ਇਕ ਦੋ ਗ਼ਜ਼ਲਾਂ ਉਰਦੂ ਗ਼ਜ਼ਲਾਂ ਦਾ ਕਮਾਲ ਰੂਪਾਂਤਰਣ ਹਨ । ਮਿਸਾਲ ਦੇ ਤੌਰ ਤੇ ਇਹ ਗ਼ਜ਼ਲ ਦੇਖੋ :

ਮੁੰਤਜ਼ਿਰ ਰਹਿਣਾ ਵੀ ਕੀ ਚਾਹਤ ਦਾ ਖ਼ਮਿਆਜ਼ਾ ਨਹੀਂ
ਕੰਨ ਦਸਤਕ ਤੇ ਨੇ ਲੱਗੇ, ਘਰ ਦਾ ਦਰਵਾਜ਼ਾ ਨਹੀਂ
ਤੂੰ ਮੁਕੱਦਰ ਦੀਆਂ ਲੀਕਾਂ ਉਕਰ ਛੱਡੀਆਂ ਹੱਥ ਤੇ
ਤੈਨੂੰ ਵੀ ਕੀ ਮੇਰੇ ਮੁਸਤਕਬਿਲ ਦਾ ਅੰਦਾਜ਼ਾ ਨਹੀਂ
ਦਫ਼ਨ ਹਾਂ ਅਹਿਸਾਸ ਦੀ ਸਦੀਆਂ ਪੁਰਾਣੀ ਕਬਰ ਵਿਚ
ਜ਼ਿੰਦਗੀ ਇਕ ਜ਼ਖ਼ਮ ਹੈ ਤੇ ਜ਼ਖ਼ਮ ਵੀ ਤਾਜ਼ਾ ਨਹੀਂ

ਪਰ ਜਿੱਥੇ ਕਿਤੇ ਸ਼ਾਕਿਰ ਜੀ ਨੇ ਆਪਣੀ ਗ਼ਜ਼ਲ ਵਿਚ ਪੰਜਾਬੀ ਪਿੰਡਾਂ ਦਾ ਰੰਗ ਭਰਿਆ ਹੈ, ਉਹ ਵੀ ਖ਼ੂਬ ਉੱਠਿਆ ਹੈ :

ਤਲਖ਼ ਨਜ਼ਾਰੇ ਪਿੰਡਾਂ ਵਿਚ
ਰੋਜ਼ ਵਿਚਾਰੇ ਪਿੰਡਾਂ ਵਿਚ
ਫ਼ਸਲਾਂ ਸਹਿਮੀਆਂ ਸਹਿਮੀਆਂ ਨੇ
ਕਹਿਰ ਦੇ ਮਾਰੇ ਪਿੰਡਾਂ ਵਿਚ
ਅਕਸਰ ਲਾਸ਼ਾਂ ਵਿਛਦੀਆਂ ਨੇ
ਨਹਿਰ ਕਿਨਾਰੇ ਪਿੰਡਾਂ ਵਿਚ
ਹਰ ਮੌਸਮ ਭਿਖ-ਮੰਗਾ ਹੈ
ਹੱਥ ਪਸਾਰੇ ਪਿੰਡਾਂ ਵਿਚ

ਰੈਣ-ਬਸੇਰਾ ਕਰਦੇ ਨੇ
ਚੰਦ ਸਿਤਾਰੇ ਪਿੰਡਾਂ ਵਿਚ
ਜਾਂ
ਡੁੱਬ ਗਿਆ ਆਸਾਂ ਦਾ ਸੂਰਜ, ਮਾਤਮ ਕਰ
ਸੂਫ਼ ਦੇ ਘੱਗਰੇ ਪਾਈ ਸੋਚਾਂ ਆਉਂਦੀਆਂ ਨੇ
ਉਮਰ ਦਾ ਸੂਰਜ ਲਹਿੰਦਾ ਹੈ, ਹੁਣ ਆ ਵੀ ਜਾ
ਸ਼ਾਮ ਢਲੇ ਤਾਂ ਕੂੰਜਾਂ ਘਰ ਨੂੰ ਆਉਂਦੀਆਂ ਨੇ

ਇਕ ਦੋ ਗ਼ਜ਼ਲਾਂ ਵਿਚ ਸੰਸਕ੍ਰਿਤ ਤੇ ਹਿੰਦੂ ਮਿਥਿਹਾਸ ਦੀਆਂ ਝਲਕਾਂ ਵੀ ਮਿਲਦੀਆਂ ਹਨ, ਪਰ ਇਨ੍ਹਾਂ ਵਿਚ ਤਗ਼ਜ਼ਲ ਦਾ ਰੰਗ ਨਹੀਂ ਬੱਝਦਾ :

ਦਿਲ ਦੀ ਪੰਚਵਟੀ ਵਿਚ ਮੈਂ ਤਾਂ ਸੋਨ-ਮਿਰਗ ਅੱਜ ਤੱਕਿਆ
ਪਾਰ ਨ ਕਰਨਾ ਚਾਹੇਗੀ, ਹੁਣ ਸੀਤਾ ਲਛਮਣ-ਰੇਖਾ
ਅੱਜ ਮੇਰੇ ਹਉਮੈ ਦੀ ਅਹੱਲਿਆ ਹੋਈ ਹੈ ਪੱਥਰ ਪੱਥਰ
ਵੇਖਾਂਗਾ ਹੁਣ ਸ਼ਾਪ ਸਮੇਂ ਦਾ ਕਦ ਪੈਂਦਾ ਹੈ ਝੂਠਾ
ਸ਼ਕੁਨੀ ਅਤੇ ਯੁਧਿਸ਼ਟਰ ਵਿਚ ਅੱਜ ਫ਼ਰਕ ਨਹੀਂ ਹੈ ਕੋਈ
ਇੱਕੋ ਭਾਅ ਮੈਂ ਵਿਕਦੇ ਦੇਖੇ ਕੱਚ ਤੇ ਨੀਲਮ-ਹੀਰਾ

ਅਸਲ ਵਿਚ ਸ਼ਾਕਿਰ ਸਾਹਿਬ ਦੀ ਗ਼ਜ਼ਲ ਦਾ ਰੰਗ ਉਰਦੂ ਗ਼ਜ਼ਲ ਦੇ ਰੰਗ ਵਿਚ ਰੰਗ ਕੇ ਹੀ ਬੱਝਦਾ ਹੈ । ਇਸ ਰੰਗ ਦੀ ਬਦੌਲਤ ਹੀ ਉਨ੍ਹਾਂ ਨੇ ਇਹੋ ਜਿਹੇ ਕਮਾਲ ਦੇ ਸ਼ੇਅਰ ਅਤੇ ਗ਼ਜ਼ਲਾਂ ਆਪਣੀ ਡਾਇਰੀ ਵਿਚ 'ਅੰਕਿਤ 'ਕੀਤੀਆਂ ਹਨ :

ਹੁੰਦਾ ਹੈ ਤੇਰੇ ਦਰਦ ਦਾ ਹਰ ਰੂਪ ਅਨੋਖਾ
ਆਉਂਦੀ ਹੈ ਤੇਰੀ ਯਾਦ ਕਈ ਭੇਸ ਬਦਲ ਕੇ

--

ਰਵਾਂ ਦਵਾਂ ਹੈ ਅਜ਼ਲ ਤੋਂ ਜ਼ਮੀਨ ਦੀ ਕਿਸ਼ਤੀ
ਫ਼ਲਕ ਦਾ ਟੁੱਟਿਆ ਹੋਇਆ ਬਾਦਬਾਨ ਲੈ ਕੇ ਵੀ

--

ਘਟਾ ਬਰਸੀ, ਜ਼ਮੀਂ ਤਰ ਹੋ ਗਈ ਹੈ
ਨਦੀ ਆਪੇ ਤੋਂ ਬਾਹਰ ਹੋ ਗਈ ਹੈ

--

ਸਿਰਾਂ ਤੇ ਸਾਇਬਾਂ ਹੁੰਦੇ ਹੋਏ ਵੀ

ਡਰੇ ਹੋਏ ਹਾਂ ਮਕਾਂ ਹੁੰਦੇ ਹੋਏ ਵੀ
ਪਤਾ ਨਈਂ ਰਾਤ ਭਰ ਬੇਚੈਨ ਕਿਉਂ ਸਨ
ਪਰਿੰਦੇ ਆਲ੍ਹਣਾ ਹੁੰਦੇ ਹੋਏ ਵੀ
ਕਿਤੇ ਤਾਂ ਸਾਥੋਂ ਹੋਈ ਹੈ ਕੋਤਾਹੀ
ਭਟਕਦੇ ਹਾਂ ਨਿਸ਼ਾਂ ਹੁੰਦੇ ਹੋਏ ਵੀ
ਜ਼ਮੀਂ ਤਾਰੀਕ ਹੁੰਦੀ ਜਾ ਰਹੀ ਹੈ
ਫ਼ਲਕ ਤੇ ਕਹਿਕਸ਼ਾਂ ਹੁੰਦੇ ਹੋਏ ਵੀ

--

ਕੀ ਜੀਵੀਏ ਕਿ ਮੌਤ ਦੇ ਹੀਲੇ ਨਹੀਂ ਰਹੇ
ਨਾਖ਼ੁਨ ਹੀ ਵਹਿਸ਼ੀਆਂ ਦੇ ਨੁਕੀਲੇ ਨਹੀਂ ਰਹੇ
ਖ਼ੁਦ ਸਿੱਧਾ ਹੋ ਗਿਆ ਹੈ ਪਗੜੀ ਮੇਰੀ ਦਾ ਲੜ
ਇਹ ਬਸਤੀਆਂ ਦੇ ਲੋਕ ਰੰਗੀਲੇ ਨਹੀਂ ਰਹੇ
ਹਰ ਸ਼ਖ਼ਸ ਜਿਸ ਵੀ ਜਗਹ ਹੈ, ਟੁੱਟਿਆ ਜਿਹੇ ਦਿਸੇ
ਤਹਿਜ਼ੀਬ ਆਈ ਹੈ ਤਾਂ ਕਬੀਲੇ ਨਹੀਂ ਰਹੇ

ਸ਼ਾਕਿਰ ਪੁਰਸ਼ਾਰਥੀ ਉਸ ਕਬੀਲੇ ਦਾ ਬੰਦਾ ਸੀ ਜਿਹੜਾ ਕਬੀਲਾ ਸੁਹਣੀ ਸ਼ਾਇਰੀ ਨੂੰ ਕਲੇਜੇ ਨਾਲ ਲਾ ਕੇ ਰੱਖਦਾ ਸੀ, ਜਿਹੜਾ ਅਕਲੋਂ ਦਾਨਾ ਸੀ ਤੇ ਦਿਲੋਂ ਦੀਵਾਨਾ, ਜਿਹੜਾ ਕਬੀਲਾ ਰਾਜਸੀ ਤੌਰ ਤੇ ਲਹਿੰਦੇ ਪੰਜਾਬ ਤੋਂ ਅਲੱਗ ਹੋ ਕੇ ਅਦਬੀ ਤੌਰ ਤੇ ਉਸ ਨਾਲ ਜੁੜਿਆ ਹੋਇਆ ਸੀ ।

ਸ਼ਾਕਿਰ ਹੋਰਾਂ ਦੀ ਯਾਦ ਨੂੰ, ਉਨ੍ਹਾਂ ਦੀ ਸਿਰਜਣਾ ਨੂੰ ਤੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਨਮਸਕਾਰ ਕਰਦਾ ਹੋਇਆ, ਉਨ੍ਹਾਂ ਦੇ ਸ਼ੇਅਰ ਨਾਲ ਹੀ ਇਸ ਆਲੇਖ ਨੂੰ ਸਮਾਪਤ ਕਰਦਾ ਹਾਂ :

ਪਹੁੰਚਿਆ ਮੰਜ਼ਿਲ ਤੇ ਮੈਂ ਇਹ ਮੁਅਜਜ਼ੇ ਤੋਂ ਘੱਟ ਨਹੀਂ
ਰਹਿਗੁਜ਼ਰ ਪੱਥਰ ਦੀ ਹੈ ਤੇ ਹਮਸਫ਼ਰ ਸ਼ੀਸ਼ੇ ਦਾ ਹੈ

ਪਥਰੀਲੀ ਰਹਿਗੁਜ਼ਰ ਦੇ ਰਾਹੀ ਦੀਆਂ ਸੂਖ਼ਮ ਪੈੜਾਂ ਉਸ ਦੇ ਲਿਖੇ ਲਫ਼ਜ਼ਾਂ ਵਿਚ ਸਾਂਭੀਆਂ ਹੋਈਆਂ ਹਨ । ਇਹ ਸੂਖ਼ਮ ਪੈੜਾਂ ਹੁਣ ਪੰਜਾਬੀ ਗ਼ਜ਼ਲ ਦਾ ਸੁੱਚੇ ਮੋਤੀਆਂ ਜਿਹਾ ਸਰਮਾਇਆ ਹਨ । ਪਿਆਰੇ ਅਜੀਤ ਪਿਆਸਾ ਦਾ ਸ਼ੁਕਰੀਆ, ਜਿਸ ਨੇ ਸਮੇਂ ਸਿਰ ਸ਼ਾਕਿਰ ਪੁਰਸ਼ਾਰਥੀ ਹੋਰਾਂ ਦੀ ਸ਼ਾਇਰੀ ਵਾਲੀ ਡਾਇਰੀ ਨੂੰ ਸੰਭਾਲ ਲਿਆ ਤੇ ਜਨਮੇਜਾ ਸਿੰਘ ਜੌਹਲ ਨੇ ਛਾਪਣ ਦਾ ਉੱਦਮ ਕੀਤਾ, ਜਿਸ ਸਦਕਾ ਡੁਬ ਗਏ ਸੂਰਜ ਦੀ ਲਾਲੀ ਸਾਡੇ ਕੋਲ ਰਹਿ ਗਈ ।

‘ਬ–ਕਲਮ ਖ਼ੁਦ’

ਜਲੰਧਰ ਦਾ ਮਾਹੌਲ ਬੜਾ ਅਦਬੀ ਸੀ। ਇਸਲਾਮੀਆ ਕਾਲਜ ਦੇ ਵਾਇਸ ਪ੍ਰਿ:ਸਯਦ ਫ਼ੈਜੀ ਦੀ ਹਵੇਲੀ, ਕਾਜੀ ਮੁਹੱਲੇ ਵਿਖੇ, ਹਰ ਪੰਦਰਵਾੜੇ ਹਲਕਾ-ਏ-ਅਰਬਾਬੇ ਜੌਕ ਦੀ ਬੈਠਕ ਹੁੰਦੀ।ਜਿਸ ਵਿਚ ਕੱਯੂਮ ਨਜ਼ਰ, ਅੰਜੁਮ ਰੂਮਾਨੀ, ਮਖ਼ਮੂਰ ਜਲੰਧਰੀ, ਮੌਲਾਨਾ ਆਜਮੀ, ਅਤੇ ਹੋਰ ਬਹੁਤ ਸਾਰੇ ਅਦੀਬ ਇਕੱਠੇ ਹੁੰਦੇ ਰਚਨਾਵਾਂ ਤੇ ਭੱਖਵੀ ਬਹਿਸ ਹੁੰਦੀ।

ਉਹਨਾਂ ਮਹਿਫਲਾਂ ਵਿਚ ਸ਼ਾਮਿਲ ਹੋਣ ਦੇ ਮੇਰੇ ਸ਼ੌਕ ਅਤੇ ਲਗਨ ਨੇ ਉਥੋਂ ਮੈਨੂੰ ਸਾਹਿਤ ਦੇ ਕਈ ਨੁਕਤੇ ਇਕੱਠੇ ਕਰ ਕੇ ਬਖ਼ਸੇ-ਉਸੇ ਮਹਿਫਲ ਵਿਚ ਇਕ ਵਾਰ ਤਰਹੀ- ਮੁਸ਼ਾਇਰਾ ਹੋਇਆ।ਮਿਸਰਾ ਤਰਹਾ ਸੀ-ਉੜਨੇ ਨਾ ਪਾਏ ਥੇ ਕਿ ਗਿਰਫ਼ਤਾਰ ਹੋ ਗਏ-ਹੋ ਗਏ- ਸੋ ਹੋ ਗਏ---

ਮੈਂ ਵੀ ਗ਼ਜ਼ਲ ਪੜੀ, ਜਿਸ ਤੇ ਬੜੀ ਦਾਦ ਮਿਲੀ। ਉਹ ਗ਼ਜ਼ਲ ਮਖ਼ਮੂਰ ਸਾਹਿਬ ਨੇ ਲੈ ਲਈ। ਦੋ ਕੁ ਮਹੀਨਿਆਂ ਬਾਦ ਮਖ਼ਸੂਰ ਸਾਹਿਬ ਆਪਣੀ ਦੁਕਾਨ ‘ਕਿਤਾਬ ਮਹੱਲ’ ਤੇ ਮਿਲੇ ਕਹਿਣ ਲੱਗੇ, ‘ਲੈ ਬਈ ਤੇਰੀ ਗ਼ਜ਼ਲ ਵੀ ਛਪ ਗਈ ਹੈ’। ਹੁਣ ਯਾਦ ਨਹੀ ਕਿ ਉਹ ਹਮਾਂਯੂ ਰਸਾਲਾ ਸੀ ਜਾਂ ਅਦਬੇ-ਲਤੀਫ਼, ਪਰ ਐਨੇ ਮਸ਼ਹੂਰ ਰਸਾਲੇ ਵਿਚ ਉਹ ਵੀ ਪਹਿਲੀ ਰਚਨਾ ਛਪੀ ਦੇਖ ਕੇ ਇਕ ਸੁਖਦ ਅਸਚਰਜ ਹੋਇਆ। ਇਹੋ ਗ਼ਜਲ਼ ਦੁਬਾਰਾ, ਦੁਆਬਾ ਕਾਲਜ ਜਲੰਧਰ ਦੇ ਮੁਸ਼ਾਇਰੇ ‘ਚ ਪੜ੍ਹੀ ਜਿਸ ਤੇ ਪਹਿਲਾ ਇਨਾਮ ਮਿਲਿਆ। ਇਨਾਮ ਵਿਚ ਮੈਨੂੰ ਯਾਦ ਹੈ, ਯੂਸਫ਼ ਜ਼ਫ਼ਰ ਦੀ ਕਿਤਾਬ ‘ਜਿੰਦਾ’ ਮਿਲ਼ੀ ਸੀ । ਡਾ: ਯੋਗ ਰਾਜ ਅਹੂਜਾ ਅਤੇ ਪ੍ਰੋ: ਕੁੰਦਨ ਲਾਲ ਫ਼ਾਰਸੀ ਅਤੇ ਊਰਦੂ ਦੇ ਉਸਤਾਦ ਸਨ। ਕਾਲਜ ਦੇ ਸਾਹਿਤਕ ਗਰੁਪ ਦੇ ਇੰਚਾਰਜ ਡਾ: ਐਸ ਪੀ ਸੇਨਗਰ ਸਾਹਿਬ ਸਨ। ਉਹਨਾਂ ਦੀਆਂ ਕਹਾਣੀਆਂ ਮਸ਼ਹੂਰ ਪਰਚਿਆਂ ਵਿਚ ਛਪਦੀਆਂ ਸਨ। ਪ੍ਰੋ: ਪਰਮਾਨੰਦ ਸ਼ਰਮਾ ਅੰਗਰੇਜੀ ਵਿਭਾਗ ਵਿਚ ਸਨ। ਉਹ ਹਿੰਦੀ ਅਤੇ ਅੰਗਰੇਜੀ ਦੋਹਾਂ ਭਾਸ਼ਾਵਾਂ ਵਿਚ ਲਿਖਦੇ ਸਨ। ਹਿੰਦੀ ਸੰਸਕ੍ਰਿਤ ਵਿਭਾਗ ਦੇ ਮੁਖੀ ਪ੍ਰੋ: ਖ਼ੁਸ਼ੀ ਰਾਮ ਸ਼ਰਮਾ ਸਨ। ਵਿਦਿਆਰਥੀਆ ਵਿਚੋ ਉਥੇ ਬਿਮਲ ਕ੍ਰਿਸ਼ਨ ਅਸ਼ਕ ਨਾਲ ਸੰਪਰਕ ਹੋਇਆ, ਜੋ ਅਖੀਰ ਤੱਕ ਕਾਇਮ ਰਿਹਾ। ਬਿਮਲ ਕ੍ਰਿਸ਼ਨ **1985** ਵਿਚ ਰੋਹਤਕ ਯੂਨੀਵਰਸਿਟੀ ‘ਚ ਅੰਗਰੇਜੀ ਵਿਭਾਗ ਦਾ ਮੁਖੀ ਸੀ। ਉਥੇ ਹੀ ਉਸਦੀ ਮਿਰਤੂ ਹੋਈ ।

1952 ਵਿਚ ਹਿੰਦ ਸਮਾਚਾਰ ਅਖਬਾਰ ‘ਚ ਸਬ ਐਡੀਟਰੀ ਕੀਤੀ। ਉਥੇ ਹੀ

ਮਖ਼ਮੂਰ ਜਲੰਧਰੀ ਫ਼ਿਕਰ ਤੋਸਵੀ ਨਾਲ ਬੇ ਤਕਲਫ਼ੀ ਦੀ ਹੱਦ ਤਕ ਯਾਰੀ ਪੈ ਗਈ ।ਸਾਹਿਰ ਸਿਆਲ ਕੋਟੀ, ਟੀਕਾ ਰਾਮ ਸੁਖਨ, ਦਯਾ ਕ੍ਰਿਸ਼ਨ ਗਰਦਿਸ਼, ਜਗਤਾਰ ਆਦਿ ਲੇਖਕਾਂ ਨਾਲ ਨੇੜਤਾ ਵਧੀ । ਡਰਾਮਾ ਲਿਖਣ ਅਤੇ ਅਨੁਵਾਦ ਦੀ ਕਲਾ ਮਖ਼ਮੂਰ ਜੰਲਧਰੀ ਤੋਂ ਸਿਖੀ। ਮਖ਼ਮੂਰ ਬਲਾ ਦਾ ਜ਼ਹੀਨ ਹੈ। ਉਹੋ ਜਿਹੇ ਜੀਨੀਅਸ ਬਹੁਤ ਘੱਟ ਵੇਖੇ ਹਨ।

ਉਦੋਂ ਤੱਕ ਮੈਂ ਉਰਦੂ ਅਤੇ ਹਿੰਦੀ ਵਿਚ ਹੀ ਲਿਖਦਾ ਸੀ । ਪੰਜਾਬੀ ਵਿਚ ਪਹਿਲਾ ਲੇਖ ਹਰਨਾਮ ਸਿੰਘ ਸ਼ਾਨ ਦੇ ਬੰਬਈ ਤੋਂ ਛਪਣ ਵਾਲੇ ਤ੍ਰੈ-ਮਾਸਿਕ 'ਚੇਤਨਾ' ਲਈ ਲਿਖਿਆ । ਇੱਕ ਦੋ ਲੇਖ ਜੀਵਨ ਸਿੰਘ ਵਲੋਂ ਕੱਢੇ ਜਾ ਰਹੇ 'ਸਾਹਿਤ-ਸਮਾਚਾਰ' ਵਿਚ ਲਿਖੇ।ਇਸੇ ਪਰਚੇ ਨੂੰ ਅਜਾਇਬ ਚਿਤਰਕਾਰ ਐਡਿਟ ਕਰਦਾ ਸੀ। ਚਿਤਰਕਾਰ ਦੀ ਪ੍ਰੇਰਨਾ ਨਾਲ ਇੱਕ ਲੇਖ 'ਪੰਜਾਬੀ ਦੁਨੀਆ'ਲਈ ਲਿਖਿਆ। ਉਹਨੀ ਦਿਨੀ ਇਸ ਪਰਚੇ ਦੇ ਸੰਪਾਦਕ ਸ੍ਰੀ ਪਿਆਰਾ ਸਿੰਘ ਪਦਮ ਹੁੰਦੇ ਸਨ । ਉਨ੍ਹਾਂ ਲੇਖ ਦੀ ਬਹੁਤ ਤਾਰੀਫ਼ ਕੀਤੀ ਚਿਤਰਕਾਰ ਨੂੰ ਕਿਹਾ ਕਿ ਇਸ ਨੂੰ ਪੰਜਾਬੀ ਵਲ ਖਿੱਚ ਲਿਆਉ, ਇਹਦੇ ਵਿਚ ਬੜੇ ਗੁਣ ਹਨ । ਸੋ ਇਕ ਤਰਾਂ ਨਾਲ ਪੰਜਾਬੀ ਲਿਖਣ ਵਿਚ ਮੈਂ ਸ੍ਰੀ ਪਿਆਰਾ ਸਿੰਘ ਪਦਮ ਹੋਰਾਂ ਨੂੰ ਗੁਰੂ ਮੰਨਦਾ ਹਾਂ।

ਹਿੰਦੀ ਵਿਚ ਸੈਂਟਰਲ ਹੋਮ ਡਰੈਕਟਰੋਰੇਟ ਵਲੋਂ 'ਭਾਸ਼ਾ' ਪ੍ਰਤਿਕਾ ਸ਼ੁਰੂ ਹੋਈ । ਉਦੋਂ ਹਿੰਦੀ ਦੇ ਦੋ ਚੋਟੀ ਦੇ ਰਸਾਲਿਆ ਵਿਚ ਲਿਖਣ ਲੱਗਾ।'ਆਜਕਲ' ਅਤੇ ਬਨਾਰਸੀਦਾਸ ਚਤੁਰਬੇਦੀ ਦਾ 'ਵਿਸ਼ਾਲ ਭਾਰਤ', ਹਿੰਦੀ ਸਾਹਿਤ ਸੰਮੇਲਨ ਇਲਾਹਾਬਾਦ ਦੀ 'ਸੰਮੇਲਨ ਪ੍ਰਤਿਕਾ', ਇਲਾਹਾਬਾਦ ਯੂਨੀਵਰਸਿਟੀ ਦੀ 'ਹਿੰਦੀ ਅਨੁਸ਼ੀਲਨ' ਭਾਰਤੀ ਭਵਨ ਦੀ 'ਭਾਰਤੀ' ਧਰਮਯੁਗ ਸਪਤਾਹਿਕ ਹਿੰਦੋਸਤਾਨੀ ਰਾਸ਼ਟਰ ਭਾਸ਼ਾ ਪ੍ਰੀਸ਼ਦ ਪਟਨਾ ਦੀ 'ਸਾਹਿਤਕਾਰ', ਭਾਰਤੀ ਗਿਆਨ ਪੀਠ ਦੀ ਪ੍ਰਤਿਕਾ 'ਗਿਆਨੋਦਯ' ਹਿੰਦੀ ਪ੍ਰਚਾਰ ਸੰਮਤੀ ਵਾਰਧਾ ਦੀ 'ਰਾਸ਼ਟਰ ਭਾਸ਼ਾ ਕਾਦੰਬਨੀ' ਨਵਨੀਤ ਆਦਿ ਪ੍ਰਤਿਕਾਵਾਂ ਵਿਚ ਬਕਾਇਦਗੀ ਨਾਲ ਲਿਖਿਆ।

ਗਿਆਨੋਦਯ ਲਈ ਤਾਂ ਰੱਜ ਕੇ ਲਿਖਿਆ। ਭਾਸ਼ਾ ਲਈ ਭਾਸ਼ਾ ਵਿਗਿਆਨ ਤੇ ਲੇਖ ਲਿਖੇ।ਪੰਜਾਬੀ ਵਿਚ ਕਵਿਤਾ ਕਹਾਣੀਆ ਦੇ ਅਨੁਵਾਦ ਕੀਤੇ। ਡਾ: ਕੋਹਲੀ ਸਾਹਿਬ ਅਤੇ ਤਾਲਿਬ ਜੀ ਤੋਂ ਪੰਜਾਬੀ ਭਾਸ਼ਾ ਅਤੇ ਵਿਆਕਰਣ ਸਬੰਧੀ ਲਿਖਵਾਏ ਲੇਖਾ ਦਾ ਅਨੁਵਾਦ, ਡਰੈਕਟਰੋਰੈਟ ਨੇ ਮੇਰੇ ਕੋਲੋ ਹਿੰਦੀ ਵਿਚ ਕਰਵਾਏ।

ਪ੍ਰਿ: ਸੰਤ ਸਿੰਘ ਸੇਖੋਂ ਨਾਲ ਉਨਾਂ ਦੀਆਂ ਰਚਨਾਵਾਂ ਹਿੰਦੀ ਵਿੱਚ ਅਨੁਵਾਦ ਕਰਵਾਉਣ ਦਾ ਇਕ ਕੰਨਟਰੈਕਟ, ਭਾਰਤੀਯ ਗਿਆਨ ਪੀਠ ਵੱਲੋ ਹੋਇਆ।

1953/ 54 ਵਿਚ ਰੇਡਿਓ ਨਾਲ ਸਪੰਰਕ ਹੋਇਆ। ਵਾਰਤਾਵਾਂ, ਕਵਿਤਾਵਾਂ, ਵਿਅੰਗ-ਲੇਖ, ਪੁਸਤਕ ਸਮੀਕਸ਼ਾ,ਫੀਚਰ,ਡਰਾਮੇ,ਬਚਿਆਂ ਲਈ ਪਰੋਗਰਾਮ ਲਿਖੇ ।ਹਿੰਦੀ ਵਾਰਤਾਵਾਂ ਕਈ ਹੋਰ ਰੇਡਿਓ ਸਟੇਸ਼ਨਾਂ ਲਈ ਵੀ ਲਿਖੀਆਂ,

1957-58 ਵਿਚ ਮਿਰਜ਼ਾ ਕੁਮਾਰ ਮਾਥੁਰ ਸਾਹਿਬ ਏ. ਆਈ. ਆਰ. ਜਲੰਧਰ ਦੇ ਡਾਇਰੈਕਟਰ ਬਣ ਕੇ ਆਏ। ਜਗਦੀਸ਼ ਚਤੁਰਬੇਦੀ ਉਹਨਾਂ ਦੇ ਗਰਾਈਂ ਸਨ,

ਉਹਨਾਂ ਨੇ ਮੈਨੂੰ ਅਨੁਵਾਦ ਦੀ ਨੌਕਰੀ ਦੀ ਆਫ਼ਰ ਕੀਤੀ। ਟੈਸਟ ਵਜੋਂ **8** ਨਾਗਾਰਜ਼ਨ ਦੀਆਂ ਹਿੰਦੀ ਕਵਿਤਾਵਾਂ ਅਤੇ **4** ਡਾ: ਹਰਭਜਨ ਸਿੰਘ ਦੀਆਂ, ਪੰਜਾਬੀ ਕਵਿਤਾਵਾਂ ਦਾ ਕੰਨਟਰੈਕਟ ਅਕਾਸ਼ਬਾਣੀ ਦਿੱਲੀ ਤੋਂ ਆ ਗਿਆ।

ਮਾਥੁਰ ਸਾਹਿਬ ਮੈਨੂੰ ਕੰਮ ਦਾ ਬੰਦਾ ਸਮਝਦੇ ਸਨ। ਉਹਨਾਂ ਇਕ ਪੋਸਟ ਕਰੀਏਟ ਕੀਤੀ, ਮੈਂ ਸਿਲੇਕਟ ਹੋ ਗਿਆ, ਪਰ ਨੋਕਰੀ ਮੇਰੇ ਵਸ ਦਾ ਰੋਗ ਨਹੀਂ ਸੀ । ਮਾਥੁਰ ਸਾਹਿਬ ਨੇ ਹੋਰ ਬੰਦਾ ਨਹੀਂ ਰੱਖਿਆਂ, ਸਗੋਂ ਪੋਸਟ ਹੀ ਲੈਪਸ ਕਰ ਦਿੱਤੀ। ਇਹ ਗੱਲ ਖ਼ੁਦ ਮਾਥੁਰ ਸਾਹਿਬ ਨੇ ਮੈਨੂੰ ਦੱਸੀ।

ਭਾਸ਼ਾ ਵਿਭਾਗ ਦੇ ਵਿਸ਼ੇਸ ਅੰਕਾਂ ਲਈ ਸੀਤਲ ਸਾਹਿਬ ਨੇ ਫਰਮਾਇਸ਼ਾਂ ਨਾਲ ਲੇ ਖ ਲਿਖਵਾਏ। ਉਹਨਾਂ ਨੇ ਹੀ ਇਕ ਕਿਤਾਬ ਉਚੇਚਾ ਮੈਨੂੰ ਦਿੱਤੀ 'ਢੋਲਾ ਮਾਰੂ ਰਾ ਦੂਹਾ' । ਉਸ ਦੀ ਭੂਮਿਕਾ ਮਹਿਕਮੇ ਨੇ ਗੁੰਮ ਕਰ ਦਿੱਤੀ। ਮੇਰੀ ਭੂਮਿਕਾ ਦਾ ਹੀ ਮੂੰਹ ਮੁਹਾਦਰਾ ਬਦਲ ਕੇ ਆਪਣੇ ਵੱਲੋ ਛਾਪ ਦਿੱਤਾ । ਮੈਂ ਉਨ੍ਹਾਂ ਦੇ ਕੰਨਟਰੈਕਟਰ ਤੋਂ ਵੀ ਅੱਗੇ ਜਾ ਕੇ ਵੱਧ ਕੰਮ ਕੀਤਾ।**1961** ਵਿਚ ਟੀ ਐਸ ਈਲੀਅਟ ਦੇ ਆਲੋਚਨਾਤਮਕ ਨਿਬੰਧਾਂ ਦਾ ਅੰਗਰੇਜੀ ਤੋ ਪੰਜਾਬੀ ਵਿਚ ਅਨੁਵਾਦ ਕੀਤਾ। ਉਹ ਲੇਖ ਬਕਾਇਦਗੀ ਨਾਲ ਪੰਜਾਬ ਅਕਾਡਮੀ ਦੀ 'ਆਲੋਚਨਾ' ਅਤੇ ਪੰਜਾਬੀ ਦੁਨੀਆ ਵਿਚ ਛਪਦੇ ਰਹੇ।ਉਸ ਨੂੰ ਛਾਪਣ ਲਈ ਗਰਾਂਟ ਮਿਲੀ ਤਾਂ ਹਿੰਦੀ ਅਨੁਵਾਦ ਲਈ ਉਹ ਗਰਾਂਟ ਵਾਪਸ ਕਰ ਛੱਡੀ। 'ਗਿਆਨੋਦਯ'ਲਈ ਉਰਦੂ ਦੇ ਪਾਕਿਸਤਾਨੀ ਅਦੀਬਾਂ ਦੀਆਂ ਬਹੁਤ ਸਾਰੀਆ ਰਚਨਾਵਾਂ ਅਨੁਵਾਦ ਕੀਤੀਆਂ। **5,6** ਰਚਨਾਵਾਂ ਤਾਂ ਸਆਦਤ ਹਸਨ ਮੰਟੋ ਦੇ ਮਰਨ ਬਾਦ, ਨਕਸ਼, ਇਮਰੋਜ਼, ਅਫ਼ਕਾਰ, ਲੈਲੋਨਹਾਰ ਅਤੇ ਸਾਕੀ ਲਈ ਰਚੀਆਂ। ਸ਼ਾਹਿਦ ਅਹਿਮਦ ਦੇ ਹਲਵੀ ਦਾ ਮੰਟੋ ਦਾ ਖ਼ਾਕਾ ਬੜਾ ਸਲਾਹਿਆ ਗਿਆ। ਹਿੰਦੀ ਦੇ ਕਈ ਪਰਚਿਆਂ ਨੇ

ਇਹਨੂੰ ਨਕਲ ਕੀਤਾ।

6 ਜਨਵਰੀ **1971** ਨੂੰ ਲੜਕੇ ਅਤੇ ਮਾਤਾ ਪਿਤਾ ਦੀ ਮੌਤ ਤੋਂ ਬਾਦ ਲਿਖਣਾ ਬੰਦ ਕਰ ਦਿੱਤਾ। ਉਦੋਂ ਮੇਰੇ ਕੋਲ ਤਿੰਨ ਚਾਰ ਰੇਡਿਓ ਵਾਰਤਾਵਾਂ ਦੇ ਕੰਨਟਰੈਕਟ ਸਨ, ਜਿਵੇਂ ਕਿਵੇਂ ਉਹ ਭੁਗਤਾਏ, ਤੇ ਉਨ੍ਹਾਂ ਨੂੰ ਲਿਖ ਘੱਲਿਆ, ਕਿ ਹੁਣ ਮੈਂ ਲਿਖਣ ਤੋਂ ਅਸਮਰਥ ਹਾਂ, **1985** ਤੋਂ ਮੁੜ ਲਿਖਣਾ ਸੁਰੂ ਕਰ ਦਿੱਤਾ।ਨਾਮ ਬਣਿਆ ਹੋਇਆ ਸੀ ਕਦੇ ਛਪਣ ਵਿਚ ਦਿੱਕਤ ਪੇਸ਼ ਨਹੀਂ ਆਈ, ਪਰ ਹੁਣ ਉਹੋ ਜਿਹੇ ਗੁਣਾਂ ਦੇ ਪਾਰਖੂ ਅਤੇ ਕਦਰ-ਦਾਨ ਕਿਥੇ ? ਹੁਣ ਤਾਂ ਗਰੁੱਪ ਬਾਜ਼ੀ ਚਲਦੀ ਹੈ।

ਅਜ ਕਲ ਮੈਂ ਵਧੇਰੇ ਕਰਕੇ ਅਨੁਵਾਦ ਕਾਰਜ ਕਰ ਰਿਹਾ ਹਾਂ।ਪਾਕਿਸਤਾਨ ਵਿਚ ਹੁਣੇ ਹੁਣੇ ਛਪਿਆ ਅਨਵਰ ਦਾ ਨਾਵਲ 'ਚੀਖ਼' ਪੰਜਾਬੀ ਵਿਚ ਅਤੇ ਇਸਲਾਮਾਬਾਦ ਵਿਖੇ 'ਲੋਕ ਵਿਰਸੇ ਦਾ ਕੌਮੀ ਅਦਾਰਾ' ਦੇ ਡਾਇਰੈਕਟਰ ਮਜ਼ਹਰ ਉਲ ਇਸਲਾਮ ਨੇ ਆਪਣਾ ਨਵਾਂ ਛਪਿਆ ਕਹਾਣੀ ਸੰਗ੍ਰਹਿ 'ਖ਼ਤ ਮੇਂ ਪੋਸਟ ਕੀ ਹੁਈ ਦੋਪਹਿਰ' ਭੇਜਿਆ ਹੈ, ਹਿੰਦੀ ਅਤੇ ਪੰਜਾਬੀ ਵਿਚ ਅਨੁਵਾਦ ਕਰਨ ਲਈ---

ਪਰ ---

ਸੁਲਗਦੀਆਂ ਸ਼ਾਮਾਂ ਦਾ ਹਮਸਫ਼ਰ ਸ਼ਾਕਿਰ ਪੁਰਸ਼ਾਰਥੀ

ਸ਼ੁਕਰ ਕਰਨ ਵਾਲਾ,ਅਤੇ ਮਨੱਖਤਾ ਦਾ ਭਲਾ ਚਾਹੁਣ ਵਾਲਾ,ਅਰਥਾਤ ਸ਼ਾਕਿਰ ਪੁਰਸ਼ਾਰਥੀ, ਜਿਸ ਨੂੰ ਅਸੀਂ ਪਿਆਰ ਨਾਲ ਚਾਚਾ ਕਿਹਾ ਕਰਦੇ ਸੀ।ਚਾਚਾ ਜੀ ਨਾਲ ਸਾਡਾ ਰਾਬਤਾ, ਸਾਹਿਤ ਸਭਾ ਜਗਰਾਂਵਾਂ ਰਾਹੀ ਹੋਇਆ। ਜਿੰਨੇ ਵਰ੍ਹੇ ਸਾਡਾ ਸਾਥ ਉਨ੍ਹਾਂ ਨਾਲ ਰਿਹਾ, ਇਹ ਸਮਾਂ ਉਨ੍ਹਾਂ ਦੀ ਜਿੰਦਗੀ ਦਾ ਅੰਤਲਾ ਹਿੱਸਾ ਆਖਿਆ ਜਾ ਸਕਦਾ ਹੈ॥

ਸ਼ਾਕਿਰ ਸਾਹਿਬ ਦੀਆਂ ਮੌਲਿਕ ਰਚਨਾਂਵਾਂ ਵਿੱਚੋਂ ਜੇ ਕੋਈ ਸਾਡੇ ਕੋਲ ਮੌਜੂਦ ਹਨ ਤਾਂ ਇਹ ਉਨ੍ਹਾਂ ਦੀਆਂ ਗ਼ਜ਼ਲਾਂ/ ਨਜ਼ਮਾਂ ਹੀ ਹਨ। ਉਹਨਾਂ ਦੀ ਜਿੰਦਗੀ ਦਾ ਇਹ ਅੰਤਲਾ ਸਮਾਂ ਸੁਖਾਵਾਂ ਨਹੀ ਸੀ---ਦਰਦਾਂ ਦੀਆਂ ਜਿਹੜੀਆਂ ਅਸ਼ਰਫੀਆਂ ਉਹਨਾਂ ਨੂੰ ਜਿੰਦਗੀ ਕੋਲੋ ਮਿਲੀਆਂ -ਉਹਨਾਂ ਦੀ ਝਲਕ ਇ੍ਹਨਾਂ ਗ਼ਜ਼ਲਾਂ ਦੇ ਸ਼ੇਅਰਾਂ ਵਿੱਚੋ ਦੇਖੀ ਜਾ ਸਕਦੀ ਹੈ।

ਪੇਸ਼ ਹਨ ਕੁਝ ਸ਼ੇਅਰ

ਖਿੜਕੀਆਂ, ਅਲਮਾਰੀਆਂ, ਸਰਦਲ ਤੇ ਦਰ ਸ਼ੀਸ਼ੇ ਦਾ ਹੈ
ਸੰਗ ਦਿਲ ਇਨਸਾਨ ਦੀ ਕਿਸਮਤ 'ਚ ਘਰ ਸ਼ੀਸ਼ੇ ਦਾ ਹੈ
ਪਹੁੰਚਿਆ ਮੰਜ਼ਲ ਤੇ ਮੈਂ ਇਹ ਮੌਅਜਜ਼ੇ ਤੋਂ ਘੱਟ ਨਹੀਂ
ਰਹਿ ਗੁਜ਼ਰ ਪੱਥਰ ਦੀ ਹੈ ਤੇ ਹਮਸਫਰ ਸੀਸ਼ੇ ਦਾ ਹੈ
ਕਿਰਚੀਆਂ ਸੱਧਰਾਂ ਦੀਆਂ ਕਿਹੜਾ ਚੁਣੂ ਕਿੰਦਾਂ ਚੁਣੂ
ਤਨ ਹੈ ਲੋਹੇ ਦੀ ਸਰਾਂ ਤੇ ਦਿਲ ਮਗਰ ਸ਼ੀਸ਼ੇ ਦਾ ਹੈ
ਇਸ ਝੁਲਸਦੀ ਧੁੱਪ ਵਿੱਚ ਰੁਕਣਾਂ ਹੈ ਸੱਦਾ ਮੌਤ ਨੂੰ
ਸਾਇਬਾਂ ਤਾਂ ਹਰ ਪੜਾਅ ਤੇ ਹੈ ਮਗਰ ਸ਼ੀਸ਼ੇ ਦਾ ਹੈ...

ਪੱਥਰੀਲੀ ਰਹਿ ਗੁਜ਼ਰ ਤੇ ਭਟਕਦਾ, ਸੱਧਰਾਂ ਦੀਆਂ ਕਿਰਚੀਆਂ ਚੁਣਦਾ, ਸ਼ੀਸ਼ੇ ਦੇ ਸਾਇਬਾਨਾਂ ਹੇਠ ਰੁਕਦਾ, ਸ਼ਾਕਿਰ ਆਪਣੀ ਕਿਸਮਤ ਵਿੱਚ ਵੀ ਸ਼ੀਸ਼ੇ ਦਾ ਘਰ ਲੈ ਕੇ ਆਇਆ ਸੀ ।

' ਮੈਂ ਪਿਆਸ ਦਾ ਸਾਹਿਰ ਹਾਂ-ਤਰਸਦਾ ਹਾਂ ਅਜ਼ਲ ਤੋਂ
ਤੂੰ ਕਾਲੀ ਘਟਾ ਹੈਂ ਤਾਂ ਜ਼ਰਾ ਝੂਮ ਕੇ ਵਰ੍ਹ ਜਾ...

ਅਪਣੇ ਆਪ ਨੂੰ ਪਿਆਸ ਦਾ ਸਹਿਰਾ ਕਹਿਣ ਵਾਲਾ ਸ਼ਾਕਿਰ ਸਾਰੀ ਜ਼ਿੰਦਗੀ, ਜ਼ਿੰਦਗੀ ਮੁਹਰੇ ਇਹੋ ਦੁਆ ਕਰਦਾ ਰਿਹਾ.... ਪਰ ਉਸ ਦੀ ਸਹਿਰਾ ਬਣੀ ਇਸ ਰੂਹ ਦੀ ਧਰਤੀ ਉਪਰ ਕਦੇ ਵੀ ਪਿਆਰ ਜਾਂ ਅਪਣੇ ਪਣ ਦੀਆਂ ਬੂੰਦਾਂ ਨਾਂ ਬਰਸੀਆਂ ...

ਫ਼ਲਕ ਤੇ ਕਹਿਕਾਂ ਹੁੰਦੇ ਹੋਏ ਵੀ ਰੂਹ ਦੀ ਜ਼ਮੀਨ ਤਾਰੀਕ ਹੁੰਦੀ ਗਈ... ਇਹੀ ਇਕਲਾਪਾ ਉਸਨੂੰ ਦਿਨ ਰਾਤ ਡੰਗਦਾ ਰਿਹਾ...

'ਮੈਂ ਨ੍ਹੇਰਾ ਤੇ ਇਕਲਾਪਾ ਸੀ.. ਨਾ ਘਰ ਬੱਤੀ ਨਾ ਦੀਵਾ ਸੀ...

ਅਪਣੀ ਨਜ਼ਮਾਂ ਦੀ ਡਾਇਰੀ, ਉਹਨਾਂ ਅਪਣੇ ਪਲੇਠੇ ਸਵ: ਪੁੱਤਰ ਰਮਾਂਕਾਂਤ ਦੇ ਨਾਮ ਸਮਰਪਿਤ ਕੀਤੀ ਹੋਈ ਸੀ।

'ਜਵਾਂ-ਮਰਗ ਪੁਤਰ ਰਮਾਂਕਾਂਤ ਨੂੰ
...ਕੂਜਾ ਬੂਦਾਈ, ਐ ਕਰਾਰੇ ਦਿਲੋ ਜਾਂ
ਦਮੇ ਵਾਪਸੀ ਇੰਤਜ਼ਾਰ ਤੋ ਕਰ ਦਮ...

ਜਗਰਾਉਂ ਉਰਫ ਜਗਰਾਂਵਾਂ-ਸ਼ਰੀਫ ਦੇ ਇਸ ਇਲਮੀ ਫੱਕਰ ਸ਼ਾਕਿਰ ਪੁਰਸ਼ਾਰਥੀ ਦੇ ਪਿਤਾ ਸ਼੍ਰੀ ਨੌਹਰੀਆ ਰਾਮ ਜੀ ਭੌਂਡੀ ਬਜ਼ਾਰ ਵਿਖੇ ਸਰਾਫ ਦੀ ਦੁਕਾਨ ਕਰਦੇ ਸਨ।ਸ਼ਾਕਿਰ ਨੂੰ ਧੁਰੋਂ ਹੀ ਪ੍ਰੜਾਈ ਦੀ ਚੇਟਕ ਨੇ ਸਯਦਾਂ ਦੀ ਹਵੇਲੀ ਵਾਲੇ ਮਦੱਰਸੇ ਵਿੱਚ ਉਰਦੂ, ਅਰਬੀ ਫਾਰਸੀ ਸਿਖਣ ਲਈ ਤੋਰ ਲਿਆ, ਪੰਜਾਬੀ ਹਿੰਦੀ, ਸੰਸਕ੍ਰਿਤ ਸਕੂਲੋ ਅਤੇ ਅੰਗਰੇਜੀ ਸਾਹਿਤ ਦਾ ਗਿਆਨ ਕਾਲਜ਼ ਤੋਂ ਪਰਾਪਤ ਕੀਤਾ।

ਸ਼ਾਕਿਰ ਸਾਹਿਬ ਇੱਕ ਭਰੇ-ਪੂਰੇ, ਤੁਰੇ ਫਿਰਦੇ ਸ਼ਬਦ-ਕੋਸ਼ ਦਾ ਨਾਮ ਸੀ। ਜਿਸ ਸ਼ਬਦ ਕੋਸ਼ ਵਿੱਚ ਹਰ ਇੱਕ ਭਾਸ਼ਾ ਦੇ ਸ਼ਬਦ,ਅਪਣੇ ਖੂਬਸੁਰਤ ਬੁਹ-ਅਰਥੀ ਰੰਗਾਂ ਦੇ ਜਲੌਅ ਸਮੇਤ, ਉਨ੍ਹਾਂ ਵਲੋਂ ਅਨੁਵਾਦ ਕੀਤੀ ਹਰ ਰਚਨਾਂ ਵਿੱਚ ਹਾਜ਼ਰ ਰਹਿੰਦੇ ...

ਸ਼ਾਕਿਰ ਸਾਹਿਬ ਦਸਿਆ ਕਰਦੇ ਸਨ ਕਿ ਵਿਸ਼ਵ ਪ੍ਰਸਿੱਧ ਅਫਸਾਨਾ ਨਿਗਾਰ, ਸਆਦਤ-ਹਸਨ ਮੰਟੋ ਸਹਿਬ ਨੂੰ ਛੱਡ ਕੇ ਤਕਰੀਬਨ ਉਰਦੂ ਦੇ ਹਰ ਨਾਮਵਰ ਅਦੀਬ ਨਾਲ ਉਨਾਂ ਦਾ ਰਿਸ਼ਤਾ ਯਾਰਾਨੇ ਦੀ ਹੱਦ ਤੀਕ ਕਾਇਮ ਰਿਹਾ। ਮਾਤਾ ਪਿਤਾ ਅਤੇ ਪਲੇ ਠੇ ਪੁਤਰ ਦੀ ਦਰਦਨਾਕ ਮੌਤ ਦੀ ਖਬਰ ਸੁਣ ਕੇ ਸਰਵ ਸ਼੍ਰੀ ਬਲਰਾਜ ਸਾਹਨੀ, ਕੈਫੀ ਆਜ਼ਮੀ ਅਤੇ ਹੋਰ ਨਾਮਵਰ ਲੇਖਕ ਮਿੱਤਰ, ਉਨ੍ਹਾਂ ਦੀ ਇਸ ਗਮਗੀਨ ਘੜੀ ਵਿੱਚ ਸ਼ਾਮਿਲ ਹੋਣ ਜਗਰਾਵੀਂ ਪੁਹੰਚੇ...

ਅਸੀਂ ਸ਼ਾਮ ਨੂੰ ਹਰ ਰੋਜ਼ ਚਾਚੇ ਦੀ ਹਾਜ਼ਰੀ ਭਰਨ ਜਾਂਦੇ। ਉਹ ਅਪਣੀ ਜੱਦੀ ਪੁਸ਼ਤੀ ਦੁਕਾਨ ਦੀ ਗੱਦੀ ਉਪਰ ਚੌਕੜੀ ਮਾਰੀ ਲਿਖ ਰਹੇ ਹੁੰਦੇ...

ਉਹਨਾਂ ਦੇ ਇੱਕ ਪਾਸੇ ਪਿੱਤਲ ਦੇ ਪੁਰਾਣੇ ਪਰ ਲਿਸ਼ਕਾ ਕੇ ਰੱਖੇ ਗਿਲਾਸ ਵਿੱਚ ਥੋੜੀ ਜਿੰਨੀ ਦਾਰੂ ਪਈ ਹੁੰਦੀ, ਖੱਬੇ ਹੱਥ ਦੀਆਂ ਉਗਲਾਂ ਵਿੱਚ 'ਕਪਲਾ ਸ਼ਾਪ' ਬੀੜੀ

ਫਸੀ ਹੁੰਦੀ... ਲਿਖਣ ਵਿੱਚ ਰੁਝੇ ਉਹ ਇਹ ਗੱਲ ਭੁੱਲ ਹੀ ਜਾਂਦੇ, ਕਿ ਉਹਨਾਂ ਦੀਆਂ ਉਗਲਾਂ ਵਿੱਚ ਫਸੀ ਬੀੜੀ ਸੁਲਗ ਰਹੀ ਹੈ ਜਾਂ ਫਿਰ ਬੁੱਝ ਚੁੱਕੀ ਹੈ। ਦੁਕਾਨ ਮੂਹਰ ਦੀ ਕੌਣ ਲੰਘਿਆ ਹੈ ਕੌਣ ਨਹੀਂ...

ਕਈ ਵਾਰੀ ਤਾਂ ਅਸੀਂ ਵੀ ਕਈ-ਕਈ ਮਿੰਟ ਦੁਕਾਨ ਦੇ ਬਾਹਰ ਖ੍ਹੜ ਕੇ ਚਾਚੇ ਨੂੰ ਇਸ ਤਰਾਂ ਮਸਤ ਲਿਖਦਿਆਂ ਦੇਖਦੇ ਰਹਿੰਦੇ...

ਇੱਕ ਗੱਲ ਹੋਰ, ਉਹ ਹਰ ਰੋਜ਼ ਡਾਕੀਏ ਨੂੰ ਇੰਝ ਉਡੀਕਦੇ, ਜਿਵੇਂ ਹਰ ਦੁਕਾਨਦਾਰ ਬੋਹਣੀ ਕਰਵਾਉਣ ਵਾਲੇ ਗਾਹਕ ਨੂੰ ਉਡੀਕਦਾ ਹੈ। ਦਰਅਸਲ ਉਹਨਾਂ ਦਾ ਦਾਨਾ-ਪਾਣੀ ਡਾਕੀਏ ਦਾ ਮੁਹਤਾਜ਼ ਰਹਿੰਦਾ ਸੀ।

ਸ਼ਾਕਿਰ ਸਾਹਿਬ ਉਨ੍ਹਾਂ ਫ਼ੱਕਰ ਕਿਸਮ ਦੇ ਲੇਖਕਾਂ ਵਿੱਚੋਂ ਸਨ, ਜ਼ਿਨਾਂ ਨੇ ਤਮਾਮ-ਉਮਰ ਕਦੇ ਸਹਿਤਕ-ਤਿਕੜਮ-ਬਾਜ਼ੀ ਦੀ ਦੁਨੀਆ ਵਿੱਚ ਪੈਰ ਨਹੀਂ ਸੀ ਰੱਖਿਆ, ਕਿਸੇ ਵੀ ਸਰਕਾਰੀ ਜਾਂ ਗੈਰ-ਸਰਕਾਰੀ ਅਦਾਰੇ ਨੇ ਉਨ੍ਹਾਂ ਵਲੋਂ ਇਸ ਵੱਡਮੁਲੀ-ਸਾਹਿਤਕ ਘਾਲਣਾ ਦਾ ਕੋਈ ਮੁੱਲ ਨਹੀਂ ਪਾਇਆ, ਹਾਂ ਅਦਬੀ-ਦਾਇਰਾ ਮੁਲਾਂਪੁਰ ਵਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਪ੍ਰਿ: ਸੰਤ ਸਿੰਘ ਸੇਖੋਂ ਦੁਆਰਾ ਇਸ ਦਾ ਸਿਹਰਾ ਸ਼ਾਇਰ ਮਿੱਤਰ, ਭਗਵਾਨ ਢਿੱਲੋ, ਤਰਲੋਚਨ ਝਾਡੇਂ, ਪ੍ਰੋ:ਰਮਨ, ਪਰਵਾਨਾ ਪੜੈਣ, ਅਵਤਾਰ ਸਿੰਘ ਓਆਣ ਅਤੇ ਗੁਰਕ੍ਰਿਪਾਲ ਸਿੰਘ ਓਆਣ ਸਿਰ ਬੱਝਦਾ ਹੈ।

ਸ੍ਰੀ ਜਨਮੇਜਾ ਸਿੰਘ ਜੌਹਲ ਹੋਰਾਂ ਨੇ ਨਿੱਜੀ ਤੌਰ ਤੇ ਉਹਨਾਂ ਨਾਲ ਇੱਕ ਮੁਲਾਕਾਤੀ ਫਿਲਮ ਬਣਾਈ ਸੀ, ਹੋ ਸਕਦਾ ਹੈ ਕਿ ਉਹ ਫਿਲਮ ਅਜੇ ਵੀ ਜੌਹਲ ਸਾਹਿਬ ਕੋਲ ਮਹਿਫੂਜ਼ ਹੋਵੇ ।

ਮਸਤੀ ਦੇ ਮਹੌਲ ਵਿੱਚ ਉਹ ਸਾਨੂੰ ਛੇੜਦੇ ਹੋਏ ਅਕਸਰ' ਫਾਕਿਰ ਬੁਖਾਰੀ' ਸਾਹਿਬ ਦਾ ਇਹ ਸ਼ੇਅਰ ਸੁਣਾਉਦੇ...

'ਹਮ ਫਕੀਰੋ ਸੇ ਦੋਸਤੀ ਕਰ ਲੋ
ਗੁਰ ਸਿਖਾਦੇਗੇ ਬਾਦਸ਼ਾਹੀ ਕੇ ।'

ਉਸੇ ਇਲਮੀ ਫੱਕਰ(ਸ਼ਾਕਿਰ) ਨੇ ਫਾਕੇ ਕੱਟੇ। ਗਰੀਬੀ ਝੱਲੀ, ਖਮੋਸ਼ੀ ਅਤੇ ਇਕਲਾਪਾ ਹੰਡਾਇਆ। ਪਰ ਕਿਸੇ ਮੂਹਰੇ ਹੱਥ ਨਹੀਂ ਅੱਡੇ... ਉਹੀ ਸ਼ਾਕਿਰ ਜਿਹੜਾ ਖੁਮਾਰੀ ਦੇ ਪਲਾਂ ਵਿੱਚ ਸੌ ਸਾਲ ਜਿਉਣ ਦਾ ਦਮ ਭਰਦਾ ਸੀ, ਅਪਣੀ ਪਤਨੀ ਦੀ ਮੌਤ ਤੋਂ ਬਾਅਦ ਇੱਕ ਦਮ ਟੁੱਟ ਕੇ ਬਿਖਰ ਗਿਆ... ਤੇ ਅਕਸਰ ਇਹ ਸ਼ੇਅਰ ਉਸ ਦੇ ਬੁੱਲਾਂ ਤੇ ਬਹਿ ਕੇ ਇਹ ਹਾਜ਼ਰੀ ਭਰਨ ਲੱਗ ਪਿਆ...

ਬਾਤ ਲਸਹੋਂ ਕੀ ਨਹੀਂ ਸਾਰੋਂ ਕੀ ਹੈ...

ਰੂਹ ਜਿਸਮ ਸੇ ਪ੍ਰਵਾਜ਼ ਕਰ ਜਾਏਗੀ
ਅਬ ਤੁਮ ਹਮਾਰੀ ਖਬਰ ਕੋ ਕਿਆ ਆਉਗੇ
ਤੁਮਹੀ ਕੋ ਹਮਾਰੀ ਖਬਰ ਜਾਏਗੀ

ਤੇ ਆਖਿਰ-13ਦਸੰਬਰ-1993 ਨੂੰ ਇਹੋ ਸ਼ੇਅਰ ਸੱਚਾ ਸਾਬਤ ਹੋ ਗਿਆ ਉਸ ਦੀ ਖਬਰ ਆ ਗਈ

ਪੱਤਣ ਸੁੰਨ-ਮਸਾਣ ਪਿਆ ਪਿਆ ਹੈ
ਲਗਦੈ ਕੋਈ ਡੁੱਬ ਗਿਆ ਹੈ

ਸ਼ਾਕਿਰ ਸਾਹਿਬ ਲੰਮਾ ਅਰਸਾ ਸਾਹਿਤ ਸਭਾ ਜਗਰਾਉਂ ਦੇ ਮੈਂਬਰ ਅਤੇ ਸਰਪ੍ਰਸਤ ਰਹੇ। ਸਾਹਿਤ ਸਭਾ ਸੰਨ 1998 ਤੋਂ ਹੁਣ ਤੀਕ ਉਹਨਾਂ ਦੇ ਨਾਮ ਤੇ ਦਿੱਤੇ ਜਾਣ ਵਾਲਾ' ਸ਼ਾਕਿਰ ਪੁਰਸ਼ਾਰਥੀ ਗਲਪ ਪੁਰਸਕਾਰ, ਪੰਜਾਬੀ ਦੇ ਸਮੱਰਥ ਲੇਖਕਾਂ ਨੂੰ ਪ੍ਰਦਾਨ ਕਰ ਚੁੱਕੀ ਹੈ।

ਹਰ ਇੱਕ ਇਨਸਾਨ ਨੇ ਆਖਿਰ ਜਿੰਦਗੀ ਦੀ ਨਦੀ ਵਿੱਚ ਡੁੱਬਣਾ ਹੀ ਹੁੰਦਾ ਹੈ, ਤੇ ਫਿਰ ਨਦੀ ਦੀਆਂ ਉਨਾਂ ਹੀ ਲਹਿਰਾਂ ਦੇ ਦਾਇਰਿਆਂ ਵਿੱਚ ਇੱਕ ਸੰਨਾਟਾ ਅਤੇ ਖਮੋਸ਼ੀ ਬਣ ਕੇ ਪਸਰ ਜਾਣਾ ਹੁੰਦਾ ਹੈ। ਪਰ ਕਾਰਜਸ਼ੀਲ-ਵਿਅਕਤੀਆਂ ਵਲੋਂ ਕੀਤੇ ਗਏ ਸ਼ੁਭ ਕਾਰਜਾਂ ਦੀ ਸਰਗਮ ਲੋਕਾਈ ਦੇ ਵੇਹੜੇ ਸਦਾ ਆਪਣੇ ਸਤ ਰੰਗੇ ਸੁਰ ਬਖੇ ਰਦੀ ਫਿਜ਼ਾ ਵਿੱਚ ਤੈਰਦੀ ਰਹਿੰਦੀ ਹੈ । ਇਸੇ ਤਰਾਂ ਅਸੀਂ ਦੁਆ ਕਰਦੇ ਹਾਂ ਕਿ ਸ਼ਾਕਿਰ ਜੀ ਦੀ ਸ਼ਾਇਰਾਨਾ ਸਰਗਮ ਆਪਣੀਆਂ ਮੱਧਮ ਅਤੇ ਦਿਲਕਸ਼ ਸੁਰਾਂ ਸੰਗ ਸਾਹਿਤ ਦੇ ਅੰਬਰੀ ਗੁਣਗੁਣਾਉਦੀ ਰਹੇ, ਇਸ ਲਈ ਉਨਾਂ ਦੀ ਡਾਇਰੀ ਵਿੱਚਲੀਆਂ ਇਨਾਂ ਗਜ਼ਲਾਂ/ਨਜ਼ਮਾਂ ਦਾ ਸੰਗ੍ਰਹਿ 'ਰੁਦਨ ਕਰੇਂਦਾ ਸੂਰਜ' ਦੇ ਸ੍ਰੀ ਜਨਮੇਜਾ ਸਿੰਘ ਜੌਹਲ ਅਤੇ ਰੁਪਿੰਦਰ ਸਿੰਘ ਔਲਖ ਦੇ ਉਦਮ ਸਦਕਾ, ਪੰਜਾਬੀ ਲੇਖਕ ਡਾਟ ਕਾਮ ਰਾਹੀਂ ਧੰਨਵਾਦ ਸਾਹਿਤ ਤੁਹਾਡੇ ਤੱਕ ਪਹੁੰਚਦਾ ਕਰ ਰਹੇ ਹਾਂ।

ਆਮੀਨ

ਅਜੀਤ ਪਿਆਸਾ

ਜਗਜੀਤ ਜੀਤ (ਜਗਰਾਂਵਾਂ)

✪

ਖਿੜਕੀਆਂ ਅਲਮਾਰੀਆਂ ਸਰਦਲ ਤੇ ਦਰ ਸ਼ੀਸ਼ੇ ਦਾ ਹੈ
ਸੰਗਦਿਲ ਇਨਸਾਨ ਦੀ ਕਿਸਮਤ 'ਚ ਘਰ ਸ਼ੀਸ਼ੇ ਦਾ ਹੈ
ਪਹੁੰਚਿਆ ਮੰਜ਼ਿਲ ਤੇ ਮੈਂ ਇਹ ਮੋਅਜ਼ਜ਼ੇ ਤੋਂ ਘੱਟ ਨਹੀਂ
ਰਹਿ ਗੁਜ਼ਰ ਪੱਥਰ ਦੀ ਹੈ ਤੇ ਹਮਸਫ਼ਰ ਸ਼ੀਸ਼ੇ ਦਾ ਹੈ
ਕਿਰਚੀਆਂ ਸੱਧਰਾਂ ਦੀਆ ਕਿਹੜਾ ਚੁਣੂੰ ਕਿੱਦਾਂ ਚੁਣੂੰ
ਤਨ ਹੈ ਲੋਹੇ ਦੀ ਸਰਾਂ ਤੇ ਦਿਲ ਮਗਰ ਸ਼ੀਸ਼ੇ ਦਾ ਹੈ
ਇਸ ਝੁਲਸਦੀ ਧੁੱਪ ਵਿਚ ਰੁਕਣਾ ਹੈ ਸੱਦਾ ਮੌਤ ਨੂੰ
ਸਾਇਬਾਂ ਤਾਂ ਹਰ ਪੜਾਅ ਤੇ ਹੈ ਮਗਰ ਸ਼ੀਸ਼ੇ ਦਾ ਹੈ
ਅੰਬਰਾਂ ਦੀ ਧਰਤ ਤੇ ਜੋ ਬੀਜਿਐ ਪੀਲਾ ਗੁਲਾਬ
ਕਹਿਕਸ਼ਾਂ ਬਣ ਕੇ ਖਿੜੂ ਇਸ ਤੇ ਅਸਰ ਸ਼ੀਸ਼ੇ ਦਾ ਹੈ
ਪੋਚੀਆਂ ਕੰਧਾਂ ਤੇ ਐਵੇਂ ਪਾਈ ਜਾਂਦੈਂ ਲੀਕਰਾਂ
ਕੀ ਕਰਾਂ ਇਸ ਦਾ ਗਿਲਾ ਇਹ ਬੇ-ਹੁਨਰ ਸ਼ੀਸ਼ੇ ਦਾ ਹੈ
ਧਰਤ ਦੀ ਤਾਸੀਰ ਨੇ ਇਹ ਕੀ ਵਿਖਾਈ ਹੈ ਬਹਾਰ
ਰੁੱਖ ਨੂੰ ਪੱਥਰ ਦੇ ਜੋ ਲੱਗਾ ਹੈ ਫ਼ਲ ਸ਼ੀਸ਼ੇ ਦਾ ਹੈ



✪

ਆਪਣਾ ਸਿਰ ਰੱਖ ਕੇ ਘਟਾ 'ਤੇ ਧੁੱਪ ਨੂੰ ਰੋਣਾ ਪਿਆ,
ਇਕ ਕ਼ਲਮੂੰਹੀ ਬਲਾ 'ਤੇ ਧੁੱਪ ਨੂੰ ਰੋਣਾ ਪਿਆ,
ਆਪਣੇ ਬਾਹਰ ਦੀ ਫ਼ਿਜ਼ਾ ਤਾਂ ਸਖ਼ਤ ਵੀ ਸੀ ਤੇਜ਼ ਵੀ,
ਆਪਣੇ ਅੰਦਰ ਦੀ ਫ਼ਿਜਾ 'ਤੇ ਧੁੱਪ ਨੂੰ ਰੋਣਾ ਪਿਆ ।
ਜਿਸ ਵੀ ਰਾਸਤੇ ਤੁਰ ਪਈ ਬਸ ਗੁਲ ਖ਼ਿਲਾਉਂਦੀ ਹੀ ਗਈ,
ਸਿਰ ਫਿਰੀ ਝੱਲੀ ਹਵਾ 'ਤੇ ਧੁੱਪ ਨੂੰ ਰੋਣਾ ਪਿਆ ।
ਕਿਸ ਤਰਾਂ ਕੁਮਲਾ ਗਈ ਹੈ ਸਿਸਕੀਆਂ ਵਿੱਚ ਡੁੱਬ ਕੇ,
ਅੱਜ ਬਾਰਿਸ਼ ਦੇ ਖ਼ੁਦਾ 'ਤੇ ਧੁੱਪ ਨੂੰ ਰੋਣਾ ਪਿਆ
ਕਿੰਨੇ ਸੋਹਣੇ ਹੋਂਠ ਉਸਦੇ ਅਣ ਖਿੜੇ ਫ਼ੁੱਲਾਂ ਜਿਹੇ,
ਜਿਸ ਦੇ ਹੱਸਣ ਦੀ ਅਦਾ 'ਤੇ ਧੁੱਪ ਨੂੰ ਰੋਣਾ ਪਿਆ ।
ਕਿੰਨਾ ਉਕਤਾਊ ਸੀ ਭੈੜਾ ਛੁੱਟੀਆਂ ਦਾ ਸਿਲਸਿਲਾ,
ਵਿਹਲ ਦੀ ਇਸ ਇੰਤਹਾ 'ਤੇ ਧੁੱਪ ਨੂੰ ਰੋਣਾ ਪਿਆ ।
ਚੁੱਪ ਨੇ ਕਾਲਿਜ ਦੇ ਕੰਧਾਂ - ਬੂਹੇ, ਸਾਰਾ ਲਾਅਨ ਚੁੱਪ
ਕੱਲੀ ਕੋਇਲ ਦੀ ਸਦਾ 'ਤੇ ਧੁੱਪ ਨੂੰ ਰੋਣਾ ਪਿਆ ।
ਮੈਂ ਹਾਂ ਉਹ ਬੱਚਾ ਕਿ ਜਿਸਦਾ ਘਰ ਉਸਰਿਆ ਧੁੱਪ 'ਚ,
ਵੇਖਿਆ ਵਿਹੜਾ ਰੜਾ 'ਤੇ ਧੁੱਪ ਨੂੰ ਰੋਣਾ ਪਿਆ ।
ਮੋਮ ਦੀ ਮੂਰਤ ਦੇ ਵਾਂਗੂ ਚੁੱਪ - ਚੁਪੀਤੇ ਘੁਲ ਗਏ,
ਹੋਂਦ ਸਾਡੀ ਦੀ ਬਿਨਾਅ 'ਤੇ ਧੁੱਪ ਨੂੰ ਰੋਣਾ ਪਿਆ ।

✪

ਜਿਸਦੇ ਵਾਲ ਘਟਾਵਾਂ ਵਰਗੇ ਜਿਸਦੀ ਚਾਲ ਹਵਾ
ਫ਼ਿਰੇ ਉਸੇ ਨੂੰ ਭਾਲਦੀ ਖੋਲ੍ਹੀ ਵਾਲ ਹਵਾ
ਉਸਨੂੰ ਗਏ ਤਾਂ ਮੁੱਦਤਾਂ ਹੋਈਆ ਐਪਰ ਆਪਣੇ ਧਿਆਨ
ਉਹੀ ਸੁਲਗਦੀ ਸ਼ਾਮ ਹੈ ਉਹੀ ਨਿਢਾਲ ਹਵਾ
ਵੰਨ ਸੁਵੰਨੀਆਂ ਕਿਆਰੀਆਂ ਕੋਈ ਨਾ ਖਿੜਿਆ ਫੁੱਲ
ਗੀਤ ਦੇ ਸੁਰ ਨੇ ਟਾਹਣੀਆਂ ਬੇ-ਸੁਰ ਤਾਲ ਹਵਾ
ਕਲੀ ਕਲੀ ਭੌਰਾ ਫਿਰੇ ਮਿਲੇ ਨਾ ਰਸ ਦੀ ਬੂੰਦ
ਬਦਲੀ ਐਸੀ ਬਾਗ਼ ਦੀ ਐਂਤਕੀ ਸਾਲ ਹਵਾ
ਤੇਰੇ 'ਚ ਕਿਸ ਦਾ ਰੰਗ ਹੈ ਤਿਰੇ 'ਚ ਕਿਸ ਦੀ ਬਾਸ
ਕਲੀ ਕਲੀ ਤੋਂ ਬਾਗ਼ ਵਿਚ ਕਰੇ ਸਵਾਲ ਹਵਾ
ਸ਼ਾਕਿਰ ਦੇ ਮਨ ਵਿਚ ਵਸਣ ਉਸ ਦੇ ਨੈਣ ਨਕਸ਼
ਖ਼ਾਬ ਹੈ ਜਿਸਦਾ ਚਾਨਣੀ ਜਿਸਦਾ ਖ਼ਿਆਲ ਹਵਾ

✪

ਦੀਵਾਰ ਤੋਂ ਪੁਰਾਣਾ ਜੋ ਨਕਸ਼ਾ ਉਤਰ ਗਿਆ
ਮਾਜ਼ੀ ਦਾ ਬੋਝ ਜ਼ਿਹਨ ਤੋਂ ਸਾਰਾ ਉਤਰ ਗਿਆ
ਕੰਡਿਆਲੇ ਜੰਗਲਾਂ 'ਚੋ ਨਿਕਲਿਆ ਤਾਂ ਸਾਹਮਣੇ
ਦਰਿਆ 'ਚ ਇਕ ਦਮ ਮੇਰਾ ਰਸਤਾ ਉਤਰ ਗਿਆ
ਮਿੱਟੀ ਨੂੰ ਜਦੋਂ ਛੂਹ ਲਿਆ ਢਹਿ ਢਹਿ ਗਈ ਜ਼ਮੀਨ
ਕਿਸ਼ਤੀ 'ਚ ਪੈਰ ਧਰਿਆ ਤਾਂ ਦਰਿਆ ਉਤਰ ਗਿਆ
ਮੈਂ ਵੀ ਨਾ ਉਸਦੀ ਯਾਦ ਨੂੰ ਰਖ ਸਕਿਆ ਸਾਂਭ ਕੇ
ਤੇ ਉਸਦੇ ਵੀ ਦਿਲੋਂ ਮਿਰਾ ਕਿੱਸਾ ਉਤਰ ਗਿਆ
ਉਹ ਜਜ਼ਬਿਆਂ ਦੀ ਗਰਮੀ ਜਦੋਂ ਸੀਤ ਹੋ ਗਈ
ਉਛਲਦਾ ਸੀ ਜੋ ਦਿਲ 'ਚ ਉਹ ਦਰਿਆ ਉਤਰ ਗਿਆ
ਨ੍ਹੇਰੀ ਵਗੀ ਤਾਂ ਸ਼ਹਿਰ 'ਤੇ ਮਿੱਟ ਵਰਖਾ ਕਰ ਗਈ
ਮੀਂਹ ਵਰ੍ਹ ਗਿਆ ਤਾਂ ਸ਼ਹਿਰ ਦਾ ਗਰਦਾ ਉਤਰ ਗਿਆ
ਕੁੱਝ ਏਂਦਾ ਜਕੜੇ ਗਏ ਨੇ ਮਾਯਾ ਦੇ ਜਾਲ ਵਿਚ
ਲੋਕਾਂ ਦੇ ਦਿਲ 'ਚੋ ਖ਼ੌਫ਼ ਖ਼ੁਦਾ ਦਾ ਉਤਰ ਗਿਆ।।।



✪

ਪੱਤਣ ਸੁੰਨ-ਮਸਾਣ ਪਿਆ ਹੈ,
ਲਗਦੈ ਕੋਈ ਡੁੱਬ ਗਿਆ ਹੈ
ਉਹ ਸਦੀਆਂ ਦੀ ਚੁੱਪ ਹੰਢਾ ਕੇ
ਸੁਣਿਐ ਅੱਜ ਬੋਲਣ ਵਾਲਾ ਹੈ
ਮੈਨੂੰ ਪੱਥਰ ਮਾਰਨ ਵਾਲੇ
ਤੇਰਾ ਵੀ ਘਰ ਸ਼ੀਸ਼ੇ ਦਾ ਹੈ
ਜਿਸ ਥੀਂ ਜਲ ਥਲ ਸਨ ਅੱਖੀਆਂ
ਹੁਣ ਉਹ ਦਰਿਆ ਸੁੱਕ ਗਿਆ ਹੈ
ਵੇਖ ਕੇ ਇਹ ਰੱਤ ਸਿੰਜੀਆ ਫ਼ਸਲਾਂ
ਮਲਿਕੁਲ ਮੌਤ ਵੀ ਸਹਿਮ ਗਿਆ ਹੈ
ਹੁਣ ਤਾਂ ਪ੍ਰਾਣ - ਪਖੇਰੂ ਸ਼ਾਕਿਰ
ਉੜਣ ਲਈ ਪਰ ਤੋਲ ਰਿਹਾ ਹੈ



✪

ਜੇ ਹੋਰ ਨੇੜਿਉਂ ਆ ਕੇ ਉਹ ਵੇਖਦਾ ਮੈਨੂੰ
ਮੈਂ ਜਿਥੋਂ ਜਿਥੋਂ ਵੀ ਟੁੱਟਿਆ ਹਾਂ ਜੋੜਦਾ ਮੈਨੂੰ
ਪਤਾ ਨਹੀਂ ਕਿਹਦਾ ਇਹ ਝੋਲਾ ਜਿਹਾ ਪਿਆ ਮੈਨੂੰ
ਉਹ ਸ਼ਖ਼ਸ ਕੌਣ ਸੀ, ਕੀ ਆ ਕੇ ਕਹਿ ਗਿਆ ਮੈਨੂੰ
ਚਲੇ ਤਾਂ ਜਾਣਾ ਸੀ ਉਹਨੇ ਪਰ ਇਹੋ ਸ਼ਿਕਵਾ ਹੈ
ਉਹ ਇਕ ਨਜ਼ਰ ਤਾਂ ਪਿਛਾਂਹ ਮੁੜ ਕੇ ਵੇਖਦਾ ਮੈਨੂੰ
ਮੈਂ ਛੱਲੋ ਛੱਲ ਸਮੁੰਦਰ ਸੀ ਤੂੰ ਇਹ ਕੀ ਕੀਤਾ
ਤੇਰੀ ਖ਼ਾਮੋਸ਼ੀ ਤਾਂ ਪੱਥਰ ਬਣਾ ਤਾ ਮੈਨੂੰ
ਨਹੀਂ ਇਹ ਬਰਫ਼ ਦਾ ਦਰਿਆ ਨੀ ਮੈਨੂੰ ਰਾਸ ਆਉਣਾ
ਤੂੰ ਉਸੇ ਬਲਦੀ ਬਰੇਤੀ 'ਤੇ ਮੁੜ ਪੁਚਾ ਮੈਨੂੰ
ਲਹੂ 'ਚ ਭਿੱਜੀਆਂ ਖ਼ਬਰਾਂ ਤਾਂ ਰੋਜ਼ ਪੜ੍ਹਦਾ ਹਾਂ
ਨਸ਼ੇ 'ਚ ਡੁੱਬੀ ਕੋਈ ਅੱਜ ਖ਼ਬਰ ਸੁਣਾ ਮੈਨੂੰ
ਅਨੰਤ ਹੈ ਇਹ ਸਫ਼ਰ ਬੇ-ਮੁਹਾਰ ਸੱਧਰਾਂ ਦਾ
ਹਨੇਰੀ ਰਾਤ ਦੇ ਜੰਗਲ ਨੇ ਛੱਲ ਲਿਆ ਮੈਨੂੰ।



✪

ਹਰ ਦਸਤਕ ਤੇ ਬੋਲ ਪਿਆ ਹਾਂ
ਮੈਂ ਇਸ ਘਰ ਦਾ ਦਰਵਾਜ਼ਾ ਹਾਂ
ਮੇਰਾ ਮੁੱਲ ਕੋਈ ਸੂਰਜ ਕਰਸੀ
ਘਟਦਾ ਵਧਦਾ ਪਰਛਾਂਵਾਂ ਹਾਂ
ਸਿਰ ਹੈ ਮੇਰਾ ਬਰਛੇ ਉੱਤੇ
ਹੁਣ ਮੈਂ ਸਭਨਾਂ ਤੋਂ ਉੱਚਾ ਹਾਂ
ਯਾਦ ਨਹੀਂ ਕੋਈ ਸੰਗੀ ਸਾਥੀ
ਲਗਦੈ ਮੁੱਢ ਤੋਂ ਹੀ ਕੱਲਾ ਹਾਂ
ਵੇਲ ਨੇ ਤਾਂ ਰੁੱਖ ਨੂੰ ਵਲਿਆ ਸੀ
ਮੈਂ ਕਿਉਂ ਸੋਚੀ ਡੁੱਬ ਗਿਆ ਹਾਂ
ਵਕਤ ਨੇ ਟੁੱਕਿਆ ਹੈ ਥਾਂ ਥਾਂ ਤੋਂ
ਮੈਂ ਦੀਮਕ ਚੱਟਿਆ ਖ਼ਰੜਾ ਹਾਂ



✪

ਪਤਾ ਨਹੀਂ ਕਿੱਦਾ ਦੀਆਂ ਗੱਲਾਂ ਲਿਖਦਾ ਸੀ
ਝੱਲਾ ਸੀ ਉਸ ਵਾਰੇ ਨਜ਼ਮਾਂ ਲਿਖਦਾ ਸੀ
ਦਿਲ ਨੂੰ ਟੁੰਬ ਜਾਂਦਾ ਸੀ ਉਸਦਾ ਹਰ ਫ਼ਿਕਰਾ
ਲਿਖਣ ਨੂੰ ਉਹ ਗਿਣਤੀ ਦੀਆਂ ਸਤਰਾਂ ਲਿਖਦਾ ਸੀ
ਅੱਥਰੂ ਵਗ ਪੈਂਦੇ ਅਕਸਰ ਪੜ੍ਹਦੇ ਪੜ੍ਹਦੇ
ਚਿੱਠੀਆਂ ਇਉਂ ਉਹ ਦਰਦਾਂ 'ਚ ਭਿੱਜੀਆ ਲਿਖਦਾ ਸੀ
ਡੁੱਬ ਕੇ ਤੱਕਿਆ ਸੀ ਉਹਨਾਂ ਅੱਖਾਂ ਅੰਦਰ
ਜਿਹਨਾਂ ਨੂੰ ਉਹ ਡੂੰਘੀਆਂ ਝੀਲਾਂ ਲਿਖਦਾ ਸੀ
ਥੱਕ ਜਾਂਦਾ ਸੀ ਜਦੋਂ ਕਿਤਾਬਾਂ ਪੜ੍ਹ ਪੜ੍ਹ ਕੇ
ਆਲੇ 'ਚੋਂ ਉਹ ਤੇਰੇ ਖ਼ਤ ਚੁੱਕ ਲੈਂਦਾ ਸੀ
ਪਤਾ ਨਹੀਂ ਕਿਉਂ ਅੱਗ ਦਾ ਗੋਲਾ ਸੂਰਜ ਉਹ
ਡੁੱਬਣ ਵੇਲੇ ਫੁੱਲਾਂ ਵਰਗਾ ਲਗਦਾ ਸੀ
ਕਦੇ ਉਹ ਰਾਤੀਂ ਚਿਤਾ ਸੇਕ ਲੈਂਦਾ ਬਲਦੀ
ਹੁਣ ਜੋ ਅਪਣੇ ਪਰਛਾਂਵੇ ਤੋ ਵੀ ਡਰਦਾ ਸੀ



✪

ਦਿਲ ਦੀ ਪੰਚ–ਵਟੀ ਵਿਚ ਮੈਂ ਤਾਂ ਸੋਨ ਮਿਰਗ ਅੱਜ ਤੱਕਿਆ
ਪਾਰ ਨਾ ਕਰਨਾ ਚਾਹੇਗੀ, ਹੁਣ ਸੀਤਾ ਲਛਮਣ ਰੇਖਾ
ਅੱਜ ਮੇਰੇ ਹਉਮੇ ਦੀ ਅੱਹਲਿਆਂ ਹੋਈ ਹੈ ਪੱਥਰ ਪੱਥਰ
ਵੇਖਾਂਗਾ ਹੁਣ ਸ਼ਾਪ ਸਮੇਂ ਦਾ ਕਦ ਪੈਂਦਾ ਹੈ ਝੂਠਾ
ਸ਼ਕੁਨੀ ਅਤੇ ਯੁਧਿਸ਼ਟਰ ਵਿਚ ਅੱਜ ਫ਼ਰਕ ਨਹੀਂ ਹੈ ਕੋਈ
ਇਕੋ ਭਾਅ ਵਿਕਦੇ ਵੇਖੇ ਮੈਂ ਕੱਚ ਤੇ ਨੀਲਮ ਹੀਰਾ
ਆਇਨੇ 'ਚ ਵਾਲ ਆ ਜਾਵੇ ਤਾਂ ਕਿਸ ਹੀਲੇ ਨਿਕਲੇ
ਇਸੇ ਸੋਚ ਵਿਚ ਛਾਣ ਰਿਹਾ ਹਾਂ, ਜੰਗਲ ਬਸਤੀ ਸਹਿਰਾ
ਖ਼ੁਦ ਸ਼ੀਸ਼ੇ ਦੇ ਘਰ ਵਿਚ ਬਹਿ ਕੇ ਮਾਰ ਰਿਹਾ ਏਂ ਪੱਥਰ
ਕੰਧਾਂ ਦੇ ਵੀ ਕੰਨ ਹੁੰਦੇ ਨੇ ਬੋਲ ਜ਼ਰਾ ਆਹਿਸਤਾ
ਅਮਲਾਂ ਸਦਕਾ ਹੱਥ ਦੀ ਰੇਖਾ ਬਣਦੀ ਮਿਟਦੀ ਰਹਿੰਦੀ
ਪੜ੍ਹ ਲਈ ਏਸ ਅਹਿਸਾਸ ਨੇ ਆਖ਼ਿਰ ਮੇਰੀ ਮਸਤਕ ਰੇਖਾ
ਸੁਫ਼ਨਿਆਂ ਦੀ ਬਾਰਾਤ ਸਜਾ ਅੱਜ ਮੈਂ ਹਾਂ ਪਾਣੀ ਪਾਣੀ
ਮੈਂ ਤਾਂ ਪੂਰਬ 'ਤੋਂ ਹੀ ਸੂਰਜ ਰੋਜ ਹੈਂ ਚੜ੍ਹਦਾ ਤੱਕਿਆ



✪

ਤਲਖ਼ ਨਜ਼ਾਰੇ ਪਿੰਡਾਂ ਵਿਚ
ਰੋਜ਼ ਵਿਚਾਰੇ ਪਿੰਡਾਂ ਵਿਚ ।
ਅਕਸਰ ਲਾਸ਼ਾਂ ਵਿਛਦੀਆਂ ਨੇ,
ਨਹਿਰ ਕਿਨਾਰੇ ਪਿੰਡਾਂ ਵਿਚ ।
ਗਲੀਆਂ ਨੂੰ ਵੰਗਰਾਦੇ ਨੇ
ਮਹਿਕ ਮੁਨਾਰੇ ਪਿੰਡਾਂ ਵਿਚ ।
ਫਸਲਾਂ ਸਹਿਮੀਆਂ -ਸਹਿਮੀਆਂ ਨੇ,
ਕਹਿਰ ਦੇ ਮਾਰੇ ਪਿੰਡਾਂ ਵਿਚ ।
ਹਰ ਮੌਸਮ ਭਿਖ -ਮੰਗਾ ਹੈ,
ਹੱਥ ਪਸਾਰੇ ਪਿੰਡਾਂ ਵਿਚ ।
ਰੈਣ ਬਸੇਰਾ ਕਰਦੇ ਨੇ,
ਚੰਦ-ਸਿਤਾਰੇ ਪਿੰਡਾਂ ਵਿਚ ।
ਤਾਬੀਰਾਂ-ਸ਼ਹਿਰਾਂ ਵਿਚ ਨੇ,
ਸੁਫ਼ਨੇ ਸਾਰੇ ਪਿੰਡਾਂ ਵਿਚ ।



✪

ਜਿਸਦਾ ਦੁਨੀਆ'ਚ ਕਿਤੇ ਹੋਵੇ ਨਾ ਸਾਨੀ ਦੇ ਦੇ,
ਜਾਣ ਵਾਲੇ ਮੈਨੂੰ ਕੁਝ ਐਸੀ ਨਿਸ਼ਾਨੀ ਦੇ ਦੇ ।
ਮੇਰੇ ਹੰਭੇ ਹੋਏ ਜੀਵਨ ਨੂੰ ਮਿਰੀ ਭਿੱਜੀ ਨਜ਼ਰ,
ਇਕ ਨਵਾਂ ਮੋੜ ਕੋਈ ਨਵੀਂ ਕਹਾਣੀ ਦੇ ਦੇ ।
ਹੁਣ ਵੀ ਬੇ-ਮੌਸਮੇ ਫੁੱਲਾਂ ਨੂੰ ਖਿੜਾਵਣ -ਵਾਲੇ,
ਮੇਰੇ ਸੁੱਕੇ ਹੋਏ ਨੈਣਾਂ ਨੂੰ ਵੀ ਪਾਣੀ ਦੇ ਦੇ।
ਥੱਕ ਕੇ ਮੁੜ ਬੈਠ ਗਈ ਅੱਜ ਹੈ ਜੁਲੈਖਾਂ ਲੱਗਦੈ,
ਮੇਰੇ ਮੌਲਾ ਤੂੰ ਇਹਨੂੰ ਮੁੜ ਕੇ ਜਵਾਨੀ ਦੇ ਦੇ,
ਕਿੰਨੀਆਂ ਰਾਤਾਂ ਦਾ ਜਗਰਾਤਾ ਹੈ ਕੱਟਿਆ ਓਸ ਨੇ,
ਹੁਣ ਤਾਂ ਓਸ ਸ਼ੋਖ਼ ਨੂੰ ਨੀਂਦ ਸੁਹਾਣੀ ਦੇ ਦੇ,
ਤੂੰ ਮਿਰੇ ਹਾਲ ਤੋਂ ਵਾਕਿਫ਼ ਹੈਂ ਹਵਾ ਭੋਰ ਦੀਏ,
ਕੋਈ ਪੈਗਾਮ ਤਾਂ ਅੱਖਾਂ ਦੀ ਜ਼ੁਬਾਨੀ ਦੇ ਦੇ ।
ਓਹਦਾ ਦਾਮਨ ਤਰੋ-ਤਾਜ਼ਾ ਰਹੇ ਹਰ ਦਮ ਸ਼ਾਕਿਰ,
ਮੇਰੇ ਹੰਝੂਆਂ ਨੂੰ ਵੀ ਕੁਝ ਐਸੀ ਰਵਾਨੀ ਦੇ ਦੇ।



✪

ਮੈਂ ਨ੍ਹੇਰਾ ਤੇ ਇਕਲਾਪਾ ਸੀ
ਨਾ ਘਰ ਬੱਤੀ ਨਾ ਦੀਵਾ ਸੀ
ਹਾਂ ਉਹਨੇ ਤਾਂ ਤੁਰ ਜਾਣਾ ਸੀ
ਢਲਦੀ ਉਮਰ ਦਾ ਪਰਛਾਂਵਾ ਸੀ
ਰਾਤ ਤਿਰਾ ਇਓਂ ਹੱਸ ਕੇ ਮਿਲਣਾ
ਸੱਚਾਈ ਸੀ ਜਾਂ ਸੁਫਨਾ ਸੀ
ਇਹੋ ਮੁੱਕਦਰ ਇਸ ਜਿੰਦਗੀ ਦਾ
ਯਾਦਾਂ ਦੀ ਛਾਂਵੇ ਰਹਿਣਾ ਸੀ
ਮੁੜ ਕੇ ਤੱਕ ਲੈਦੇਂ ਇਕ ਵਾਰੀ
ਸੱਜਣਾ ! ਜੇ ਟੁਰ ਵੀ ਜਾਣਾ ਸੀ
ਗਿਆ ਤਾਂ ਫੇਰ ਨਾ ਮੁੜ ਕੇ ਆਇਆ
ਉਹ ਨੈਣਾਂ ਦਾ ਵਣਜਾਰਾ ਸੀ
ਅੰਤ ਮੇਰੇ ਹਉਮੇ ਦੀ ਅਹੱਲਿਆ
ਇਕ ਦਿਨ ਪੱਥਰ ਹੋ ਜਾਣਾ ਸੀ
ਨਸ਼ਿਆਏ ਉਸ ਬਦਨ ਦੀ ਖੁਸ਼ਬੂ
ਗੁਲਸ਼ਨ ਸੀ ਜਾਂ ਮਯ- ਖਾਨਾ ਸੀ
ਮੁਸ਼ਕਿਲ ਸਫ਼ਰ ਹਯਾਤੀ ਦਾ ਕਿਉ
ਅੱਗ ਦਾ ਮੈਂ ਦਰਿਆ ਤਰਨਾ ਸੀ



✪

ਰਾਗ ਤੋਂ ਬੈਰਾਗ ਤੋਂ, ਬੇਜ਼ਾਰ ਮੇਰੀ ਜ਼ਿੰਦਗੀ
ਹੋ ਗਈ ਹੈ ਹਰ ਤਰ੍ਹਾਂ ਲਾਚਾਰ ਮੇਰੀ ਜ਼ਿੰਦਗੀ
ਸਾਫ ਧੁੰਦਲੇ ਸਿੱਧੇ ਟੇਢੇ ਖਿਆਲਾਂ ਦੀ ਤਰ੍ਹਾਂ
ਨਿਤ ਬਦਲਦੀ ਹੀ ਰਹੀ ਆਕਾਰ ਮੇਰੀ ਜ਼ਿੰਦਗੀ
ਕਿਉਂ ਨਾ ਪੈਦੇ ਪੱਥਰਾਂ ਤੇ ਮੇਰੇ ਪੈਰਾਂ ਦੇ ਨਿਸ਼ਾਨ
ਸਿਰ ਤੇ ਮੇਰੇ ਹੋ ਗਈ ਹੈ ਭਾਰ ਮੇਰੀ ਜ਼ਿੰਦਗੀ
ਆਈਨੇ ਨੂੰ ਏਨਾ ਚਿਰ ਤੱਕਿਆ ਕਿ ਖੁਦ ਨੂੰ ਭੁੱਲ ਕੇ
ਕਰ ਉਠੀ ਪਰਛਾਈਆਂ ਨਾਲ ਪਿਆਰ ਮੇਰੀ ਜ਼ਿੰਦਗੀ
ਬਸ ਨਫ਼ਾ ਨੁਕਸਾਨ ਹੀ ਹੁਣ ਸੋਚਦੀ ਰਹਿੰਦੀ ਹੈ ਰੋਜ਼
ਬਣ ਗਈ ਹੈ ਅੱਜ ਕਲ੍ਹ ਬਾਜ਼ਾਰ ਮੇਰੀ ਜ਼ਿੰਦਗੀ
ਮੌਤ ਨੇ ਕਿੰਨੀਆ ਆਦਾਵਾਂ ਨਾਲ ਸੱਦਿਆ ਏਸ ਨੂੰ
ਕਰ ਗਈ ਇਨਕਾਰ ਹੈ ਖ਼ੁਦ-ਦਾਰ ਮੇਰੀ ਜ਼ਿੰਦਗੀ
ਹਾਦਸੇ ਤੇ ਆਫ਼ਤਾਂ ਹੈ ਇਹਨੂੰ ਸ਼ਿੰਗਾਰਿਆ
ਖ਼ਾਬ ਥੀਂ ਕਰਦੀ ਨਹੀਂ ਸ਼ਿੰਗਾਰ ਮੇਰੀ ਜ਼ਿੰਦਗੀ



✪

ਦੀਵਾਰ ਸਮਝ ਕੇ ਮੈਨੂੰ ਢਾਹੁਣਾ ਨਹੀਂ ਮੁਮਕਿਨ
ਚੱਟਾਣ ਹਾਂ ਰਸਤੇ 'ਚੋਂ ਹਟਾਉਣਾ ਨਹੀਂ ਮੁਮਕਿਨ
ਸੱਧਰਾਂ 'ਚ ਸਿਦਕ ਹੈ ਤਾਂ ਫਿਰ ਇਹ ਬਾਤ ਅਟੱਲ ਹੈ
ਇਕ ਸਾਥ ਲਿਖੇ ਨਾਮ ਨੂੰ ਮਿਟਾਉਣਾ ਨਹੀਂ ਮੁਮਕਿਨ
ਸ਼ਾਲ਼ਾ ਤੂੰ ਕਦੇ ਮੇਰੀਆ ਮਜਬੂਰੀਆਂ ਸਮਝੇ
ਹਰ ਰੋਜ਼ ਮੇਰਾ ਦੂਰ ਤੋਂ ਆਉਣਾ ਨਹੀਂ ਮੁਮਕਿਨ
ਸ਼ਾਇਦ ਅਜੇ ਤਕਦੀਰ 'ਚ ਲਿਖਿਆ ਹੈ ਭਟਕਣਾ
ਜਦ ਅਪਣਾ ਕੋਈ ਇਕ ਟਿਕਾਣਾ ਨਹੀਂ ਮੁਮਕਿਨ
ਤੂੰ ਵਸਦਾ ਰਹੇਂ ਦੂਰ ਦੇ ਪੈਂਡੇ ਦੇ ਮੁਸਾਫਿਰ
ਤੈਨੂੰ ਤਾਂ ਇਸ ਜਨਮ ਭੁਲਾਉਣਾ ਨਹੀਂ ਮੁਮਕਿਨ
ਪਰਦੇਸ 'ਚ ਫਿਰਦੇ ਹਾਂ ਬੜੇ ਠਾਠ ਨੇ ਸ਼ਾਕਿਰ
ਹੁਣ ਆਪਾ ਤੋਂ ਮੁੜ ਪਰਤ ਕੇ ਆਉਣਾ ਨਹੀਂ ਮੁਮਕਿਨ

✪

ਸਿਰ ਤੇ ਹੈ ਕਾਲੀ ਘਟਾ ਤੇ ਸਾਇਬਾਂ ਕੋਈ ਨਹੀਂ
ਨਿਰਮੋਹੀਆਂ ਬਾਰਸ਼ਾਂ ਨੂੰ ਕਿਸ ਤਰਾਂ ਝੱਲਾਂਗਾ ਮੈਂ
ਜਾਣ ਨਹੀਂ ਦੇਣਾ ਮੈਂ ਐਵੇ ਰੌਸ਼ਨੀ ਦੀ ਫ਼ਸਲ ਨੂੰ
ਰਿਸ਼ਮ ਜੋ ਬੀਜੀ ਸੀ ਉਸ ਤੋਂ ਕਹਿਕਸ਼ਾਂ ਕੱਟਾਂਗਾ ਮੈਂ
ਕੁਝ ਨਾ ਕੁਝ ਤਾਂ ਰੱਖਣਾ ਪੈਣੈ ਦੋਸਤਾਂ ਦਾ ਵੀ ਭਰਮ
ਆਖਿਰੀ ਇਹ ਰਾਤ ਅੱਜ ਵਿਚ ਦੁਸ਼ਮਣਾਂ ਕੱਟਾਂਗਾ ਮੈਂ



✪

ਜੋ ਹੈ ਮੇਰੇ ਦਿਲ 'ਚ, ਲੋਕਾਂ ਤੋਂ ਲੁਕਾਵਾਂ ਕਿਸ ਤਰ੍ਹਾਂ,
ਕੱਚ ਦੇ ਇਸ ਸ਼ਹਿਰ ਨੂੰ ਸ਼ਾਕਿਰ ਬਚਾਵਾਂ ਕਿਸ ਤਰ੍ਹਾਂ ।
ਤੂੰ ਤਾਂ ਪਹਿਲੋਂ ਤੋਂ ਵੀ ਵੱਧ ਮਾਸੂਮ ਲੱਗਦੈਂ ਇਸ ਘੜੀ,
ਮੈਂ ਤੇਰੀ ਇੱਜ਼ਤ ਨੂੰ ਮਿੱਟੀ ਵਿੱਚ ਮਿਲਾਵਾਂ ਕਿਸ ਤਰ੍ਹਾਂ,
ਵੇਖਦੇ ਸਾਰ ਅਕਸ ਅਪਣਾ ਜਿਸਮ ਪੱਥਰ ਹੋ ਗਿਆ,
ਛੱਡ ਕੇ ਹੁਣ ਆਇਨਾ- ਖ਼ਾਨੇ ਨੂੰ ਮੈਂ ਜਾਵਾ ਕਿਸ ਤਰ੍ਹਾਂ,
ਜਾਗਦੇ ਸਮਿਆਂ ਦੀ ਹਾਂ ਜ਼ੰਜੀਰ ਵਿਚ ਬੱਧਾ ਹੋਇਆ
ਸੁਫ਼ਨਿਆਂ ਦੀ ਕੰਧ ਦੇ ਸਾਏ 'ਚ ਆਵਾਂ ਕਿਸ ਤਰ੍ਹਾਂ ।
ਅਪਣਾ ਆਪਾ ਵੀ ਮੈਨੂੰ ਲਗਦੈ ਜਾਪਣ, ਕਾਰਾਵਾਸ,
ਕਸ਼ਮਕਸ਼ ਵਿਚ ਹਾਂ ਰਿਹਾਈ ਖ਼ੁਦ ਤੋਂ ਪਾਵਾਂ ਕਿਸ ਤਰ੍ਹਾਂ



✪

ਜੈਸਾ ਮੂਡ ਓਹੋ ਜਿਹਾ ਮਨਜ਼ਰ ਹੁੰਦਾ ਹੈ,
ਮੌਸਮ ਤਾ ਇਨਸਾਨ ਦੇ ਅੰਦਰ ਹੁੰਦਾ ਹੈ।
ਪਤਾ ਨਹੀਂ ਲੰਘਦਾ ਹੈ ਕੌਣ ਇਹਨੀਂ ਰਾਹੀਂ,
ਇਹ ਰਸਤਾ ਹਰ ਰੋਜ਼ ਪਵਿੱਤਰ ਹੁੰਦਾ ਹੈ ।
ਦਰਦਾਂ ਮਾਰਿਓ! ਐਨਾ ਨਾ ਸੰਤਾਪ ਕਰੋ,
ਰੋ ਲੈਣਾ ਥੋੜਾ ਜਿਹਾ ਬਿਹਤਰ ਹੁੰਦਾ ਹੈ ।
ਸਾਹਿਲ ਤੋਂ ਹੀ ਹੱਥ ਹਿਲਾਵਣ ਵਾਲੇ ਸੁਣ,
ਅੱਖੀਆਂ ਵਿਚ ਬੇਅੰਤ ਸਮੁੰਦਰ ਹੁੰਦਾ ਹੈ।
ਦਰ ਦਰ ਦੀ ਠੋਕਰ ਖਾ ਕੇ ਮੁੜ ਆਇਆਂ ਹਾਂ,
ਅਪਣਾ ਘਰ ਆਖ਼ਿਰ ਅਪਣਾ ਘਰ ਹੁੰਦਾ ਹੈ।
ਘੱਟ ਪਾਣੀ ਵਿਚ ਤੈਰ ਨਹੀਂ ਸਕਦਾ ਸ਼ਾਕਿਰ,
ਡੂੰਘੇ ਪਾਣੀ ਉਸਦਾ ਬਿਸਤਰ ਹੁੰਦਾ ਹੈ।



✪

ਮੈਂ ਤਾਂ ਠੁਰ-ਠੁਰ ਕਰਦੇ ਮੌਸਮ ਨੂੰ ਬਦਲਦੇ ਵੇਖਿਆ,
ਧੌਲਰਾਂ 'ਚ ਬਰਫ਼ ਦੇ ਸੂਰਜ ਨੂੰ ਚੜ੍ਹਦੇ ਵੇਖਿਆ ।
ਹੁਸਨ ਦੀ ਛੋਹ ਨੇ ਬਦਲ ਦਿੱਤਾ ਹੈ ਰੁੱਤਾਂ ਦਾ ਮਿਜ਼ਾਜ਼,
ਰੇਤਲੀ ਧਰਤੀ 'ਚ ਮੈਂ ਫੁੱਲਾਂ ਨੂੰ ਖਿੜਦੇ ਵੇਖਿਆ ।
ਜੋ ਸੁਜਾਖ਼ੇ ਸਨ ਨਜ਼ਰ ਦੇ ਨੂਰ ਤੋਂ ਵਾਂਝੇ ਮਿਲੇ,
ਲੂਲਿਆਂ ਤੇ ਲੰਗੜਿਆਂ ਲੋਕਾਂ ਨੂੰ ਨੱਚਦੇ ਵੇਖਿਆ ।
ਮੜ੍ਹੀ 'ਤੇ ਵਹਿਮਾਂ ਦੀ ਦੀਵੇ ਸਧਰਾਂ ਦੇ ਬਾਲ ਕੇ,
ਅੱਜ ਮੈਂ ਇੱਕ ਰੋਣੀ ਜਿਹੀ ਸੂਰਤ ਨੂੰ ਹੱਸਦੇ ਵੇਖਿਆ
ਮਹਿਕਦੇ ਦੇ ਫੁੱਲਾਂ ਦੀਆਂ ਛਾਵਾਂ ਦੀ ਬੁੱਕਲ ਮਾਰ ਕੇ,
ਰੂਪ ਦੇ ਪੁਰ-ਨੂਰ ਪੱਥਰ ਨੂੰ ਪਿਘਲਦੇ ਵੇਖਿਆ ।
ਵੇਖਿਆ ਜਦ ਅਪਣੇ ਦਿਲ ਅੰਦਰ ਤਾਂ ਕਬਰਿਸਤਾਨ ਸੀ,
ਆਪਣੇ ਵਿਹੜੇ ਨੂੰ ਪਰ ਰੌਲੇ 'ਚ ਢਲਦੇ ਵੇਖਿਆ ।
ਕੀ ਪਤੈ ਸ਼ਾਕਿਰ ਅਜੇ ਰਹਿੰਦਾ ਹੈ ਕੀ ਕੁਝ ਵੇਖਣਾ,
ਆਪਣੇ ਹੱਥੀਂ ਹੀ ਦਿਲ ਅਪਣਾ ਮਸਲਦੇ ਵੇਖਿਆ ।



✪

ਤੂਫ਼ਾਨ ਓਹ ਹੋਏ ਨੇ, ਸਫ਼ -ਆਰਾ ਮਿਰੇ ਦਿਲ ਵਿਚ,
ਡੁੱਬਿਆ ਹੈ ਸਮੁੰਦਰ ਦਾ ਕਿਨਾਰਾ ਮਿਰੇ ਦਿਲ ਵਿਚ ।
ਓਸ ਸ਼ਹਿਰ ਨੂੰ ਤੱਕਿਆ ਨਹੀਂ ਦੁਨੀਆਂ 'ਚ ਕਿਸੇ ਨੇ,
ਜਿਸ ਸ਼ਹਿਰ ਦਾ ਮਿਲਦਾ ਹੈ ਇਸ਼ਾਰਾ ਮਿਰੇ ਦਿਲ ਵਿਚ ।
ਹਰ ਚੀਕ 'ਤੇ ਛਾ ਜਾਂਦੀ ਹੈ ਜਦ ਰਾਤ ਹਨੇਰੀ,
ਯਾਦਾਂ ਦਾ ਚਮਕਦਾ ਹੈ ਸਿਤਾਰਾ ਮਿਰੇ ਦਿਲ ਵਿਚ ।
ਇਓਂ ਟੁੱਟ ਕੇ ਵਰ੍ਹਿਆ ਹੈ ਮਿਰੇ ਸ਼ੌਕ ਦਾ ਬੱਦਲ,
ਉੱਤਰਿਐ, ਧਨਕ ਰੰਗ ਨਜ਼ਾਰਾ ਮਿਰੇ ਦਿਲ ਵਿਚ ।
ਇਹ ਕੈਸੀ ਗੁਲਿਸਤਾਂ 'ਚ ਬਹਾਰ ਆਈ ਹੈ ਸ਼ਾਕਿਰ,
ਮੁੜ ਕੇ ਭੜਕ ਉਠਿਆ ਹੈ ਸ਼ਰਾਰਾ ਮਿਰੇ ਦਿਲ ਵਿਚ ।



✪

ਸਿਤਾਰੇ ਟੁੱਟ ਕੇ ਗਿਰਦੇ ਰਹੇ ਇਹ ਤੱਕਿਆ ਸੀ,
ਕਿ ਰਾਤ ਭਰ ਮੈਂ ਚਿਰਾਗ਼ਾਂ ਦੇ ਨਾਲ ਜਾਗਿਆ ਸੀ ।
ਮੈਂ ਜਿਸਦੀ ਛਾਂਵੇ ਕਦੇ ਘਰ ਬਣਾ ਕੇ ਬੈਠਾ ਸਾਂ,
ਓਹ ਪੇੜ ਕਿੱਥੇ ਐ ਜਿਸ 'ਤੇ ਪਰਿੰਦਾ ਉਤਰਿਆ ਸੀ ।
ਸਮੇਟਦਾ ਹਾਂ ਮੈਂ ਅਪਣੇ ਬਦਨ ਦੇ ਜ਼ੱਰਿਆਂ ਨੂੰ,
ਇਹੋ ਓਹ ਜ਼ੱਰੇ ਨੇ ਸੂਰਜ ਜਿਨ੍ਹਾਂ 'ਚ ਢਲਦਾ ਸੀ
ਵਿਛੜ ਕੇ ਲੋਕੀ ਮਿਲੇ ਵੀ ਤੇ ਮਿਲਕੇ ਵਿਛੜੇ ਵੀ,
ਹਯਾਤੀ ਅਪਣੀ ਦਾ ਮੇਲਾ ਅਜੀਬ ਮੇਲਾ ਸੀ ।
ਮੈਂ ਉਸਨੂੰ ਦੂਰ ਤੋਂ ਅਵਾਜ਼ ਦਿੰਦਾ ਰਹਿੰਦਾ ਹਾਂ,
ਓਹ ਮੇਰੇ ਕੋਲ ਦੀ ਹੋ ਕੇ ਕਦੇ ਗੁਜ਼ਰਿਆ ਸੀ ।
ਉਤਰ ਗਿਐ ਮੇਰੀ ਨਸ ਨਸ 'ਚ ਖ਼ੂਨ ਦੀ ਸੂਰਤ
ਓਹ ਇਕ ਖ਼ਾਬ ਕਿ ਪਿਛਲੇ ਪਹਿਰ ਜੋ ਤੱਕਿਆ ਸੀ।
ਮੈਂ ਸਿੱਪ-ਸਿੱਪੀ ਦੀ ਗਾਥਾ ਹਵਾ ਤੋਂ ਕੀ ਸੁਣਦਾਂ,
ਨਾ ਜਿੱਥੇ ਪਹੁੰਚ ਸਕੇ ਲੋਕ ਓਹ ਵੀ ਦਰਿਆ ਸੀ ।



✪

ਇਹ ਵਖ਼ਰੀ ਗੱਲ ਹੈ ਕਿਸੇ ਹੋਰ ਨੇ ਤਰਾਸ਼ ਲਿਆ,
ਨਹੀਂ ਤਾਂ ਮੈਂ ਵੀ ਓਹਨੂੰ ਸਾਰੀ ਉਮਰ ਸੋਚਿਆ ਸੀ ।
ਹੋਈ ਹੈ ਉਮਰ ਮਗਰ ਹੁਣ ਵੀ ਯਾਦ ਪੈਂਦਾ ਹੈ,
ਮੈਂ ਇਕ ਨਾਮ ਹਵਾਵਾਂ 'ਚ ਲਿਖਦਾ ਰਹਿੰਦਾ ਸੀ,
ਹੁਣ ਅਪਣੇ ਅਕਸ ਦੀ ਤਸਵੀਰ ਵੇਖਦਾ ਹਾਂ ਮੈਂ,
ਕਦੇ ਓਹ ਰੰਗ ਸੀ ਓਸ ਤੇ, ਕਿ ਤੇਰਾ ਝੋਲਾ ਸੀ ।
ਮੈਂ ਚੜ੍ਹਦੇ ਚੰਦ ਦੇ ਰਸਤੇ 'ਚ ਸ਼ਾਮ ਉਤਰਦੇ ਸਾਰ,
ਜਗਾ ਕੇ ਦੀਵਾ ਦਰੀਚੇ 'ਚ ਰੋਜ਼ ਰੱਖਦਾ ਸੀ ।
ਮਿਰੇ ਸਫ਼ਰ ਦੇ ਰਫ਼ੀਕ ਮੇਰੇ ਦੁੱਖ ਤੋਂ ਵਾਕਿਫ਼ ਸਨ,
ਕਦਮ ਕਦਮ ਤੇ ਸੀ ਰੁਕਿਆ ਅਜੀਬ ਰਸਤਾ ਸੀ ।
ਨਜ਼ਰ 'ਚ ਦੀਵੇ ਦੀ ਲੋਅ ਸੀ ਲਬਾਂ 'ਤੇ ਹਰਫ਼ ਦੇ ਰੰਗ,
ਓਹ ਅਜਨਬੀ ਸੀ ਮਗਰ ਜਾਣਕਾਰ ਲੱਗਦਾ ਸੀ ।
ਇਹ ਉੜਦੀ ਰੇਤ ਇਹ ਤੰਬੂ ਪਰਾਤ ਮਿੱਟੀ ਦੀ,
ਕੋਈ ਤਾਂ ਐਥੇ ਜ਼ਰੂਰ ਬੀਤੀ ਰਾਤ ਉਤਰਿਆ ਸੀ ।



✪

ਖ਼ੁਦ -ਪਰਸਤਾਂ 'ਚ ਖ਼ੁਦ ਪਰਸਤ ਰਿਹਾ,
ਓਹ ਵੀ ਸਨ ਮਸਤ ਮੈਂ ਵੀ ਮਸਤ ਰਿਹਾ ।
ਮੈਂ ਅਜ਼ਲ ਤੋਂ ਅਬਦ ਦਾ ਪਿਆਸਾ ਸਾਂ,
ਫਿਰ ਵੀ ਨਸ਼ੇ 'ਚ ਮਯ ਦੇ ਮਸਤ ਰਿਹਾ ।
ਦ੍ਰਿੜ ਇਰਾਦੇ ਦੇ ਸਾਹਮਣੇ ਤਾਂ ਪਹਾੜ,
ਜਿੰਨਾ ਉੱਚਾ ਸੀ ਓਨਾ ਪਸਤ ਰਿਹਾ ।
ਖ਼ਾਕ ਵਿਚ ਖ਼ਾਕ ਹੋ ਗਿਆ ਕਿੱਦਾਂ,
ਆਸਮਾਂ ਜਿਸ ਦੀ ਇਕੋ ਜਸਤ ਰਿਹਾ ।
ਓਹ ਨੇ ਬੈਠੇ ਅਦਲ ਦੀ ਮਸਨਦ ਤੇ,
ਮੈਂ ਗੁਨਾਹ -ਗਾਰ ਬੇ-ਨਿਸ਼ਸਤ ਰਿਹਾ ।
ਦੁਸ਼ਮਨੀ ਬੇ-ਹਿਸਾਬ ਕਰਦਾ ਹੈ,
ਦੋਸਤੀ ਵਿਚ ਜੋ ਤੰਗ-ਦਸਤ ਰਿਹਾ ।
ਮੈਂ ਫ਼ਤਿਹ ਦਾ ਪਯਾਮ ਹਾਂ ਲੇਕਿਨ,
ਦਿਲ ਮਿਰਾ ਖ਼ੂਗਰੇ-ਸ਼ਿਕਸਤ ਰਿਹਾ ।



✪

ਗ਼ੁਰੂਬ ਹੋਣ ਤੋਂ ਪਹਿਲੋਂ ਅਜ਼ਲ ਦੀ ਮਿੱਟੀ ਵਿਚ,
ਲਹੂ ਦੀ ਬੂੰਦ ਬਹੁਤ ਦੇਰ ਛਲਕੀ ਮਿੱਟੀ ਵਿਚ ।
ਓਫ਼ਕ ਤੋਂ ਟੁੱਟ ਕੇ ਹੋਇਆ ਹੈ ਜੋ ਓਸ ਗਲੀ ਦੀ ਖ਼ਾਕ,
ਸਦੀ ਦੇ ਖ਼ਾਬ ਨੇ ਓਸ ਇੱਕੋ ਪਲ ਦੀ ਮਿੱਟੀ ਵਿਚ ।
ਤਿਰੇ ਵਜ਼ੂਦ 'ਚ ਕੀ ਸ਼ੈਅ ਛੁਪੀ ਸੀ 'ਅਲਹਮਰਾ'
ਚਮਕ ਰਹੀ ਹੈ ਜੋ ਹੁਣ ਤੱਕ ਮਹਲ ਦੀ ਮਿੱਟੀ ਵਿਚ।
ਮਿਰੀ ਨਿਗ਼ਾਹ'ਚ ਰੱਖੀਆਂ ਬੁਲੰਦੀਆਂ ਲੇਕਿਨ
ਮਿਰੇ ਮਿਜ਼ਾਜ ਨੂੰ ਗੁੰਨਿਆ ਹੈ ਹਲਕੀ ਮਿੱਟੀ ਵਿਚ ।
ਬਸ ਇੱਕੋ ਕੂਜ਼ਾਗਰੀ ਸੀ ਅਸਾਡੇ ਫ਼ਨ ਦਾ ਕਮਾਲ,
ਸੋ ਓਹ ਵੀ ਖ਼ਾਕ ਹੋਈ ਅੱਜ-ਕੱਲ੍ਹ ਦੀ ਮਿੱਟੀ ਵਿਚ।



✪

ਛੁਟ ਜਾਏਗਾ ਕਮਾਣੋਂ ਤੀਰ ਕੀ,
ਖ਼ਾਬ ਦੀ ਹੋਣੀ ਇਹੋ ਤਾਬੀਰ ਕੀ ।
ਸ਼ਹਿਰ ਦਾ ਮਲਬਾ ਇਹ ਕਰਦਾ ਹੈ ਸਵਾਲ਼,
'ਇਸਮੇ-ਆਜ਼ਮ' ਵਿਚ ਵੀ ਹੈ ਤਾਸੀਰ ਕੀ ?
ਓਸ ਦਾ ਖ਼ਤ ਕਿਉਂ ਪੜ੍ਹ ਰਿਹਾਂ ਹਾਂ ਬਾਰ ਬਾਰ,
ਕਰ ਦਿੱਤਾ ਉਸ ਨੇ ਮੈਨੂੰ ਤਹਿਰੀਰ ਕੀ ?
ਗ਼ੁਫ਼ਤਗੂ ਓਸ ਨਾਲ ਮੈਂ ਕਰਦਾ ਪਿਆਂ,
ਬੋਲ ਉਠੂਗੀ ਤਿਰੀ ਤਸਵੀਰ ਕੀ ?
ਕੈਦ ਦੀ ਇਕ ਕਿਸਮ ਆਜ਼ਾਦੀ ਵੀ ਹੈ,
ਤੋਲ ਦੇ ਇਹ ਹਲਕਾ-ਏ ਜ਼ੰਜੀਰ ਕੀ ?
ਅੱਜ ਤਕ ਇਹ ਫ਼ਰਕ ਕਦ ਹੋਇਆ ਸਪਸ਼ਟ,
ਖ਼ਾਬ ਕੀ ਹੈ, ਖ਼ਾਬ ਦੀ ਤਾਬੀਰ ਕੀ ?
ਬਸ ਉਹਦੀ ਨਿਸਬਤ ਸੀ ਇਹ ਸਾਡੀ ਪਛਾਣ,
ਐਥੇ ਹੁਣ ਆਪਣੀ ਭਲਾ ਤੌਕੀਰ ਕੀ ?



✪

ਯਾਰੋ ਗੱਲ ਕਰੋ ਸਾਂਵਲ ਦੀ,
ਬੀਤ ਰਹੀ ਹੈ ਰਾਤ ਗ਼ਜ਼ਲ ਦੀ
ਹੋਂਠਾਂ ਤੇ ਗੁਲਸ਼ਨ ਦੇ ਸਵੇਰੇ
ਅੱਖੀਆਂ ਵਿਚ ਸ਼ਾਮਾਂ ਨੇ ਜੰਗਲੀ
ਖ਼ਾਮੋਸ਼ੀ ਵਿਚ ਰੰਗ ਧਨਕ ਦਾ
ਗੱਲਾਂ ਵਿਚ ਖ਼ੁਸਬੋ ਸੰਦਲ ਦੀ
ਸ਼ੋਅਲੇ ਵਰਗਾ ਰੂਪ ਮੁੰਡੇਰੇ
ਹਰ-ਸੂ ਬਾਰਿਸ਼ ਹਲਕੀ ਹਲਕੀ,
ਮਨ ਅਪਣਾ ਪਾਗਲ ਦੀ ਕੁਟੀਆ
ਜਿਸ ਵਿਚ ਰਾਖ ਉੜੇ ਪਲ ਪਲ ਦੀ
ਸਦੀਆਂ ਤੋਂ ਤਾਰੀ ਹੈ ਐਥੇ
ਖ਼ਾਮੋਸ਼ੀ ਉਜੜੇ ਮਕ਼ਤਿਲ ਦੀ।
ਅੱਖੀਆਂ ਵਿਚ ਜਲ ਥਲ ਹੈ ਸ਼ਾਕਿਰ
ਅੰਦਰ ਬਾਹਰ ਧੁੱਪ ਹੈ ਥਲ ਦੀ
ਕਿਹੜੇ ਦਿਨ ਇਹ ਦਿਲ ਨਹੀਂ ਡੁੱਬਿਆ
ਕਿਹੜੀ ਰਾਤ ਇਹ ਅੱਖ ਨਹੀਂ ਟੱਪਕੀ



✪

ਦਿਲ ਚੋਂ ਅਹਿਸਾਸ ਦਾ ਨਿਸ਼ਤਰ ਲੈ ਜਾ,
ਆਈਨਾ-ਖ਼ਾਨੇ'ਚੋਂ ਪੱਥਰ ਲੈ ਜਾ,
ਜੀਣ ਦੇ ਮੈਨੂੰ ਤਿਰੀ ਯਾਦ ਹਾਂ ਮੈਂ,
ਮੇਰੇ ਸਹਿਰਾ 'ਚ ਗੁਲੇ-ਤਰ ਲੈ ਜਾ
ਰੇਤ ਦੇ ਟਿੱਬਿਆਂ ਤੇ ਜਲ-ਥਲ ਕਰ ਦੇ,
ਨਾਲੇ ਅੱਖਾਂ'ਚੋਂ ਸਮੁੰਦਰ ਲੈ ਜਾ ।
ਰਾਹ ਦੀ ਧੂੜ ਹਾਂ ਪਲਕਾਂ 'ਤੇ ਸਜਾ,
ਆ ਕਦੇ ਮੈਨੂੰ ਵੀ ਆਪਣੇ ਘਰ ਲੈ ਜਾ,
ਕਦੇ ਦਿਲ ਵਿਚ ਕਦੇ ਅੱਖਾਂ 'ਚ ਛਿਪਾ,
ਜਦੋਂ ਛੁਪ ਜਾਵਾਂ ਤਾਂ ਬਾਹਰ ਲੈ ਜਾ ।
ਦਿਨ ਚੜ੍ਹਨ ਵਾਲੈ, ਓਹ ਲਾਲੀ ਹੈ ਦਿਸਦੀ,
ਨੀਂਦ ਦੇ ਮੋਢੇ, ਤੇ ਬਿਸਤਰ ਲੈ ਜਾ ।



✪

ਪਿਛਲੀਆਂ ਬਰਸਾਤਾਂ ਦੀਆਂ ਯਾਦਾਂ ਆਉਂਦੀਆਂ ਨੇ,
ਅੱਖ ਨਗਰੀ ਵਿਚ ਗਿੱਲੇ ਮੌਸਮ ਲਿਆਉਂਦੀਆਂ ਨੇ।
ਡੁੱਬ ਗਿਆ ਆਸਾਂ ਦਾ ਸੂਰਜ ਮਾਤਮ ਕਰ,
ਸੂਫ਼ ਦੇ ਘੱਗਰੇ ਪਾਈ ਸੋਚਾਂ ਆਉਂਦੀਆਂ ਨੇ।
ਮੰਨਿਆ, ਮਾਜ਼ੀ ਮੁਰਦੇ, ਯਾਦਾਂ ਬੇ-ਮਕਸਦ,
ਫਿਰ ਵੀ ਦਿਲ -ਬੱਚੇ ਨੂੰ ਤਾਂ ਬਹਿਲਾਉਂਦੀਆਂ ਨੇ।
ਤੇਰੀ ਪਾਇਲ ਛਣਕੇ ਤਾਂ ਫਿਰ ਵੱਜੇ ਸਾਜ਼,
ਰਾਤ ਦੇ ਪਿਛਲੇ ਪਹਿਰ ਹਵਾਵਾਂ ਗਾਉਂਦੀਆਂ ਨੇ।
ਉਮਰ ਦਾ ਸੂਰਜ ਲਹਿੰਦਾ ਹੈ ਹੁਣ ਆ ਵੀ ਜਾ,
ਸ਼ਾਮ ਢਲੇ ਤਾਂ ਕੂੰਜਾਂ ਘਰ ਨੂੰ ਆਉਂਦੀਆਂ ਨੇ।
ਨਜ਼ਰਾਂ ਦੀ ਭਾਸ਼ਾ ਵਿਚ ਦਿਲ ਦਾ ਹਾਲ ਨਾ ਲਿਖ,
ਐਸੀਆਂ ਵੀ ਨੇ ਜੋ ਪੜ੍ਹਕੇ ਸ਼ਰਮਾਉਂਦੀਆਂ ਨੇ।



✪

ਖ਼ੁਦ ਨਾਲ ਗੱਲਾਂ ਕਰ ਲੈਦੇ ਹਾਂ ਮੈਂ ਤੇ ਮੇਰਾ ਪਾਗਲਪਨ,
ਦੁਖ ਨਾਲ ਝੋਲੀ ਭਰ ਲੈਦੇ ਹਾਂ ਮੈਂ ਤੇ ਮੇਰਾ ਪਾਗਲਪਨ ।
ਅਕਲ ਤੋਂ ਆਰੀ ਇਸ਼ਕ ਦੀਆਂ ਸਭ ਗੱਲਾਂ ਬਾਤਾਂ ਹੁੰਦੀਆਂ ਨੇ,
ਐਪਰ ਫਿਰ ਵੀ ਕਿਉਂ ਡਰਦੇ ਹਾਂ ਮੈ ਤੇ ਮੇਰਾ ਪਾਗਲਪਨ।
ਤੇਰੇ ਹਉਮੇ ਦੀ ਤਸਕੀਨ ਲਈ ਬਸ ਇਹ ਕੁੱਝ ਹੁੰਦਾ ਏ,
ਜਿੱਤ ਕੇ ਬਾਜ਼ੀ ਹਰ ਜਾਂਦੇ ਹਾਂ ਮੈਂ ਤੇ ਮੇਰਾ ਪਾਗਲਪਨ ।
ਤੇਰੇ ਨਾਲ ਉਲਝਨਾਂ -ਲੜਨਾ ਤੇ ਫਿਰ ਆਪੇ ਮੰਨ ਪੈਣਾ,
ਬੇ-ਸੋਚੇ ਸਭ ਕੁੱਝ ਕਰਦੇ ਹਾਂ ਮੈਂ ਤੇ ਮੇਰਾ ਪਾਗਲਪਨ ।
ਪਿਆਰ ਵੀ ਕਰਨਾ ਹਉਕੇ ਭਰਨਾ ਪਛਤਾਉਣਾ ਫਿਰ ਆਖ਼ਿਰਕਾਰ,
ਦਿਲ'ਤੇ ਤੋਹਮਤ ਧਰ ਲੈਦੇ ਹਾਂ ਮੈਂ ਤੇ ਮੇਰਾ ਪਾਗਲਪਨ,



✪

ਬੁਲ੍ਹੀਂ ਬੁਲ੍ਹੀਂ ਜੁੜੀ ਖ਼ਾਮੋਸ਼ੀ,
ਬੋਲ ਤੋਂ ਵੀ ਹੈ ਬੜੀ ਖ਼ਾਮੋਸ਼ੀ ।
ਵੇਖ ਮੈਂ ਬਿਖਰਦਾ ਜਾਂਦਾ ਹਾਂ
ਯਾਰੋ ! ਬਸ ਤੋਂ ਬੜੀ ਖ਼ਾਮੋਸ਼ੀ ।
ਮਸਨੂਈ ਰੌਣਕ ਦੇ ਦਿਲ ਵਿਚ
ਨੇਜ਼ੇ ਵਾਂਗੂ ਵੜੀ ਖ਼ਾਮੋਸ਼ੀ ।
ਨ੍ਹੇਰੀ ਵਰਗਾ ਕੁਝ ਸੀਨੇ ਵਿਚ
ਅਤੇ ਗਲੇ ਵਿਚ ਅੜੀ ਖ਼ਾਮੋਸ਼ੀ ।
ਲੱਖਾਂ ਕੈਦੀ ਚੀਕਣ ਅੰਦਰ
ਦਰਵਾਜ਼ੇ 'ਤੇ ਖ਼ੜੀ ਖ਼ਾਮੋਸ਼ੀ ।
ਬੱਚੇ ਦੀ ਕਿਲਕਾਰੀ ਸੁਣ ਕੇ
ਮੂੰਹ ਭਰਨੇ ਗਿਰ ਪਈ ਖ਼ਾਮੋਸ਼ੀ
ਵੇਖੀਂ ਸ਼ਾਕਿਰ ਤੋੜ ਨਾ ਦੇਵੀਂ
ਮੋਤੀਆਂ ਦੀ ਇਹ ਲੜੀ ਖ਼ਾਮੋਸ਼ੀ ।



✪

ਕਦੇ ਉਦਾਸ ਕਦੇ ਖ਼ੁਸ਼ ਹੈ ਹੰਝੂਆਂ ਦੀ ਤਰ੍ਹਾਂ,
ਮਿਜ਼ਾਜ਼ ਦਿਲ ਦਾ ਬਦਲਦਾ ਹੈ ਮੌਸਮਾਂ ਦੀ ਤਰ੍ਹਾਂ ।
ਤਮਾਮ ਰਾਤ ਜੋ ਛਾਇਆ ਰਿਹਾ ਧੂੰਆਂ ਬਣ ਕੇ,
ਬਰਸ ਪਿਆ ਮਿਰੀ ਅੱਖੀਆਂ ‘ਚੋਂ ਬੱਦਲਾਂ ਦੀ ਤਰ੍ਹਾਂ
ਉਹ ਇਕ ਚੁੱਪੀ ਲੁਕੀ ਸੀ ਜੋ ਉਸ ਦੀ ਚਾਲ ਅੰਦਰ,
ਬਿਖਰ ਗਈ ਮਿਰੇ ਰਸਤੇ ‘ਚ ਆਹਟਾਂ ਦੀ ਤਰ੍ਹਾਂ ।
ਵਿਖਾਈ ਦੇ ਨਾ ਜੋ ਸਕਿਆ ਸੀ ਫ਼ਾਸਲੇ ਦਾ ਵਜ਼ੂਦ,
ਲਿਪਟ ਗਿਆ ਮੇਰੀ ਤਲੀਆਂ ‘ਚ ਛਾਲਿਆਂ ਦੀ ਤਰ੍ਹਾਂ ।
ਮੈਂ ਸਾਰੇ ਸ਼ਹਿਰ ‘ਚ ਬਸ ਓਸ ਨੂੰ ਵੇਖਣਾ ਲੋਚਾਂ,
ਉਹ ਇੱਕੋ ਸ਼ਖਸ਼ ਜੋ ਮਿਲਦਾ ਹੈ ਦੁਸ਼ਮਣਾਂ ਦੀ ਤਰ੍ਹਾਂ ।
ਉਹ ਨ੍ਹੇਰਿਆਂ ਦਾ ਸੀ ਹੜ੍ਹ ਜਾਂ ਕਿਸ ਨਜ਼ਰ ਦਾ ਸਰਾਬ,
ਵਿਛੜ ਗਿਆ ਮਿਰਾ ਸਾਯਾ ਵੀ ਦੋਸਤਾਂ ਦੀ ਤਰ੍ਹਾਂ ।
ਪਲਕ ਝਪਕਦੇ ਹੀ ਜੋ ਹੋਇਆ ਅੱਖਾਂ ਤੋਂ ਓਝਲ,
ਪਰਤ ਕੇ ਆਇਆ ਨਾ ਮੁੜ, ਲੱਦ ਗਏ ਦਿਨਾਂ ਦੀ ਤਰ੍ਹਾਂ।



✪

ਕੱਲ੍ਹ ਰਾਤ ਅਜੀਬ ਖ਼ਾਬ ਤੱਕਿਆ,
ਡੁੱਬਦਾ ਹੋਇਆ, ਆਫ਼ਤਾਬ ਤੱਕਿਆ ।
ਸੀ ਧੁੱਪ ਵੀ ਲੀਰੋ ਲੀਰ ਹੋਈ,
ਟੋਟੇ ਟੋਟੇ ਹੋਇਆ, ਸਹਾਬ ਤੱਕਿਆ ।
ਆਖ਼ਣ ਨੂੰ ਤਾਂ ਕਾਇਨਾਤ ਤੱਕੀ
ਇਕ ਤੰਬੂ ਬਿਨਾਂ - ਤਨਾਬ ਤੱਕਿਆ ।
ਸਹਿਰਾ 'ਚੋਂ ਹਯਾਤ ਦੇ ਨਿਕਲ ਕੇ
ਸੰਭਲੇ-ਤਾਂ ਓਹੀ ਸਰਾਬ ਤੱਕਿਆ ।
ਇਨਸਾਨ ਨੇ ਸੋਚਣਾ ਵੀ ਛੱਡਿਆ,
ਐਸਾ ਵੀ ਇਨਕਲਾਬ ਤੱਕਿਆ ।
ਉਠਿਆ ਜੋ ਰਤਾ ਕੁ ਪਰਦਾ -ਏ -ਗ਼ੈਬ,
ਹਰ ਜ਼ੁਰਮ ਦਾ ਇਰਤਕ਼ਾਬ ਤੱਕਿਆ ।
ਓ-ਰੰਗ ਗੁਲਾਬ ਦੇ ਪੁਜਾਰੀ
ਮਿੱਟੀ ਦਾ ਵੀ ਪੇਚੋ-ਤਾਬ ਤੱਕਿਆ ?
ਆਇਆ ਨਾ ਯਾਦ, ਓਸ ਦਾ ਚਿਹਰਾ,
ਜਿਸ ਸਖ਼ਸ਼ ਨੂੰ ਬੇ-ਹਿਸਾਬ ਤੱਕਿਆ ।



✪

ਹਰੇਕ ਦਿਲ 'ਚ ਉਤਰ ਜਾਵਾਂ, ਕੁੱਝ ਅਜਬ ਤਾਂ ਨਹੀਂ,
ਤੁਸੀਂ ਹੋ ਤੰਗ -ਨਜ਼ਰ ਸ਼ਹਿਰ ਵਿਚ, ਸਭ ਤਾਂ ਨਹੀਂ।
ਕਿਹਨੂੰ ਪਤਾ ਹੈ ਕਿ ਬਣ ਜਾਗਾਂ ਵਕਤ ਦਾ ਮੈਂ ਸ਼ਿਕਾਰ,
ਇਹ ਮੇਰੀ ਹੋਂਦ ਜ਼ਮਾਨੇ'ਚ ਬੇ-ਸਬਬ ਤਾਂ ਨਹੀਂ ।
ਇਹ ਵੱਖਰੀ ਗਲ ਹੈ ਤੂੰ ਬੇ ਵਫ਼ਾ ਸਮਝ ਬੈਠੇਂ,
ਹੁਣ ਇਸ ਦਾ ਸ਼ਿਕਵਾ ਕਰਾਂ ਐਨਾ ਬੇ-ਅਦਬ ਤਾਂ ਨਹੀਂ।
ਹਵਾ ਸਮਝ ਕੇ ਨਾ ਟਾਲ ਅਪਣੇ ਘਰ ਦੀ ਦਸਤਕ,
ਨਿਕਲ ਕੇ ਵੇਖ ਕੋਈ ਸਾਹਿਬੇ-ਤਲਬ ਤਾਂ ਨਹੀਂ ।
ਕਿਰਨ ਤਾਂ ਕਦ ਦੀ ਸੁਣਾ ਵੀ ਗਈ ਸੁਬ੍ਹਾ ਦਾ ਸੰਦੇਸ਼,
ਤਿਲਿਸਮ ਜਿਸ ਦਾ ਨਾ ਟੁੱਟੇ ਇਹ ਐਸੀ ਸ਼ਬ ਤਾਂ ਨਹੀਂ ।



✪

ਹੁਣ ਅਪਣੇ ਆਪ ਦਾ ਅਹਿਸਾਸ ਕਦ ਰਿਹਾ ਮੈਨੂੰ,
ਮੈਂ ਇਸ ਲਈ ਹਾਂ ਕੋਈ ਸ਼ਖ਼ਸ ਵੇਖਦੈ ਮੈਨੂੰ।
ਅਜੇ ਤਾਂ ਦਿਨ ਹੈ ਖ਼ੁਦਾ ਜਾਣੇ ਰਾਤ ਕਦ ਹੋਸੀ,
ਇਸ ਆਫ਼ਤਾਬ ਨੇ ਸਾਯਾ ਬਣਾ 'ਤੈ ਮੈਨੂੰ।

ਮੇਰੇ ਸਿਵਾ ਵੀ ਕੋਈ ਹੈ ਜੋ ਲੋਚਦੈ ਮੈਨੂੰ,
ਓਹ ਚੁੱਕ ਕੇ ਆਇਨਾ ਕਿਓਂ ਵੇਖ ਦਾ ਪਿਆ ਮੈਨੂੰ ।
ਉਹ ਜਿਸਦੀ ਧੁਨ 'ਚ ਗੁਜ਼ਾਰੀ ਹੈ ਜਿੰਦਗੀ ਸਾਰੀ,
ਜਦੋਂ ਵੀ ਮਿਲਦੈ ਮਿਰਾ ਨਾਮ ਪੁੱਛਦੈ ਮੈਨੂੰ।



✪

ਅਜੀਜ਼ ਐਸਾ ਨਾ ਰੱਖੋ ਕਿ ਜੀ ਸੰਭਲ ਜਾਏ,
ਹੁਣ ਇਸ ਕਦਰ ਵੀ ਨਾ ਚਾਹੋ ਕਿ ਦਮ ਨਿਕਲ ਜਾਏ।
ਮਿਲੇ ਹਾਂ ਉੱਝ ਤਾਂ ਬਹੁਤ ਆਓ ਹੁਣ ਇਉਂ ਮਿਲੀਏ
ਕਿ ਨਾਲ ਸਾਹਾਂ ਦੀ ਗਰਮੀ ਦੇ ਰੂਹ ਪਿਘਲ ਜਾਏ।
ਮੁਹੱਬਤਾਂ 'ਚ ਅਜਬ ਹੈ ਦਿਲਾਂ ਨੂੰ ਧੜਕਾ ਜਿਹਾ,
ਕਿ ਜਾਣੇ ਕਿਹੜਾ ਕਦੋਂ ਰਸਤਾ ਬਦਲ ਜਾਏ।
ਹਮੇਸ਼ਾ ਜਿੰਦਾ ਹੈ ਉਹ ਦਿਲ ਜੋ ਹਾਸਿਆਂ 'ਚ ਰਹੇ,
ਖ਼ੁਸ਼ਾ ਓਹ ਉਮਰ ਜੋ ਖ਼ਾਬਾ 'ਚ ਹੀ ਬਹਿਲ ਜਾਏ।
ਮੈਂ ਉਹ ਚਿਰਾਗ ਹਾਂ ਦੁਨੀਆਂ ਦੀ ਰਹਿ ਗੁਜ਼ਰ ਦਾ ਕਿ ਜੋ,
ਖ਼ੁਦ ਅਪਣੇ ਦਿਲ ਦੀਆਂ ਤਨਹਾਈਆਂ 'ਚ ਜਲ ਜਾਏ।
ਹਰ ਇਕ ਲਮਹੇ ਇਹੋ ਆਰਜ਼ੂ ਇਹੋ ਹਸਰਤ,
ਜੋ ਅੱਗ ਦਿਲ 'ਚ ਹੈ ਓਹ ਗ਼ਜ਼ਲ ਵਿਚ ਵੀ ਢਲ ਜਾਏ।



✪

ਫਿਰ ਕੋਈ ਤਾਂ ਗੁਲ ਖਿਲਾ, ਤੇ ਮੇਰੀ ਤਨਹਾਈ 'ਚ ਆ,
ਹੋਂਦ ਅਪਣੀ ਦੀ ਖ਼ਬਰ ਲੈ ਕੇ ਕਦੇ ਬਸਤੀ 'ਚ ਆ ।
ਵੇਖਣਾ ਲੋਚੇਂ ਤਾਂ ਫਿਰ ਇਕ ਇਹ ਤਮਾਸ਼ਾ ਵੀ ਸਹੀ,
ਅੱਗ ਲੱਗਣ ਦੀ ਖ਼ਬਰ ਸੁਣ ਕੇ ਹੀ ਹੁਣ ਖ਼ਿੜਕੀ 'ਚ ਆ
ਐ ਮਿਰੀ ਫੁੱਲਾਂ ਦੀ ਲੱਜ਼ਤ ਸ਼ਾਖ ਨੂੰ ਬੋਝਲ ਨਾ ਕਰ,
ਇਕ ਹਲੂਣੇ ਨਾਲ ਟੁੱਟ ਕੇ ਟਹਿਣੀਉਂ ਝੋਲੀ 'ਚ ਆ ।
ਬੇ-ਸੁਆਦਾ ਜੁਰਮ ਹੈ ਕੰਢੇ ਖਲੋ ਕੇ ਵੇਖਣਾ,
ਜਾਂ ਤਾਂ ਖ਼ੁਸ਼ਕੀ ਵਲ ਪਲਟ ਜਾਂ ਖੁਲ੍ਹੇ ਪਾਣੀ 'ਚ ਆ ।
ਮੇਰੇ ਪੈਰਾਂ ਵਿਚ ਤਾਂ ਹੈ ਜ਼ੰਜੀਰ ਗਲੀਆਂ ਸੌੜੀਆਂ ਦੀ,
ਮਿਲਣ ਮੈਨੂੰ ਸ਼ਹਿਰ ਦੀ ਗੁੰਜ਼ਾਨ ਆਬਾਦੀ 'ਚ ਆ ।
ਨੀਂਦ ਕੁਝ ਕਰ ਲੈ ਕਿ ਤਾਜ਼ਾ ਅੱਖ 'ਤੇ ਸੂਰਜ ਖੁਲ੍ਹੇ,
ਉਤਰਣੈ ਜੇ ਭੋਰ ਦੇ ਸਾਹਿਲ ਤਾਂ ਇਸ ਕਿਸ਼ਤੀ 'ਚ ਆ ।
ਲਹੂ ਨਾੜਾਂ ਦਾ ਵੀ ਅੱਖੀਆਂ 'ਚ ਦਿਖਾਈ ਦੇ ਸਕੇ,
ਤੂੰ ਵੀ ਜੇ ਦਰਿਆ ਏਂ ਸ਼ਾਕਿਰ ਫੇਰ ਤੁਫ਼ਿਆਨੀ 'ਚ ਆ ।

✪

ਮੈਂ ਜਿਸ ‘ਚ ਖੋ ਗਿਆ ਹਾਂ ਮਿਰਾ ਖ਼ਾਬ ਹੀ ਤਾਂ ਹੈ,
ਸਾਹ ਭਾਵੇਂ ਦੋ ਚਾਰ ਸਹੀ ਜਿੰਦਗੀ ਤਾਂ ਹੈ।
ਜਗਦੀ ਹੈ ਕਿੰਨੀ ਦੇਰ ਹਵਾਵਾਂ ‘ਚ ਮੇਰੇ ਨਾਲ,
ਇਕ ਸ਼ਮਾਂ ਫਿਰ ਕਿਸੇ ਲਈ ਰੌਸ਼ਨ ਹੋਈ ਤਾਂ ਹੈ ।
ਜਿਸ ਵਿਚ ਵੀ ਢਲ ਗਈ ਓਹਨੂੰ ਸੂਰਜ ਬਣਾ ਗਈ,
ਮੇਰੇ ਲਹੂ ‘ਚ ਐਸੀ ਵੀ ਇਕ ਰੌਸ਼ਨੀ ਤਾਂ ਹੈ।
ਪਰਛਾਈਆਂ ‘ਚ ਡੁੱਬਦਾ ਵੇਖਾਂ ਤਮਾਮ ਉਮਰ,
ਫਿਰ ਵੀ ਬਚਾ ਸਕਾਂ ਨਾ ਇਹ ਬੇਚਾਰਗੀ ਤਾਂ ਹੈ।
ਤੂੰ ਫੁੱਲ ਦੀ ਏਂ ਮਹਿਕ ਤੇ ਮੈਂ ਹਾਂ ਆਵਾਰਾ,
ਦੋਹਾਂ ‘ਚ ਇਕ ਰਿਸ਼ਤਾ -ਏ ਆਵਾਰਗੀ ਤਾਂ ਹੈ।

✪

ਲੜਕੀਆਂ ਆਈਆਂ ਨੇ ਅਕਸਰ ਸ਼ੋਹਰਾਂ ਦੇ ਸਾਮ੍ਹਣੇ,
ਆਈਨੇ ਰੱਖੇ ਗਏ ਨੇ ਪੱਥਰਾਂ ਦੇ ਸਾਮ੍ਹਣੇ ।
ਜਾ ਕੇ ਪੁੱਛੋ ਘਰ ਦੀਆਂ ਕੰਧਾਂ ਤੋਂ ਅਪਣਾ ਹਾਲ ਵੀ,
ਘੁੰਮਦੇ ਫਿਰਦੇ ਹੋ ਬੇਗਾਨੇ ਘਰਾਂ ਦੇ ਸਾਮ੍ਹਣੇ ।
ਟਹਿਕਦੇ ਖ਼ੇਤਾਂ ਦੇ ਮੂਹਰੇ ਤਣ ਗਈਆਂ ਸ਼ੂਗਰ ਮਿੱਲਾਂ,
ਬਣ ਗਏ ਮੈਨਸ਼ਨ ਪੁਰਾਣੇ ਮੰਦਰਾਂ ਦੇ ਸਾਮ੍ਹਣੇ ।
ਕਾਲਜਾਂ ਦੇ ਰੂਬਰੂ ਉਮੀਦਵਾਰਾਂ ਦੇ ਗਿਰੋਹ,
ਹਰ ਤਰਫ ਲੰਮੀਆਂ ਕ਼ਤਾਰਾਂ ਦਫ਼ਤਰਾਂ ਦੇ ਸਾਮ੍ਹਣੇ ।
ਉੜ ਗਈ ਦਹਿਸ਼ਤ ਦੇ ਮਾਰੇ, ਰੂਹ, ਜ਼ੁਲਮ ਦੀ ਫੌਜ਼ ਦੀ,
ਰੁਕ ਗਈਆਂ ਨੇ ਆ ਕੇ ਤਲਵਾਰਾਂ ਸਿਰਾਂ ਦੇ ਸਾਮ੍ਹਣੇ।
ਮਾਲ ਤੇ ਸ਼ੋਹਰਤ ਦੇ ਪਿੱਛੇ ਭਜਦਾ ਫਿਰਦਾ ਹਾਂ ਮੈਂ,
ਜ਼ੁਲਫ਼ ਦਾ ਖ਼ਮ ਹੇਚ, ਇਹਨਾਂ ਚੱਕਰਾਂ ਦੇ ਸਾਮ੍ਹਣੇ।
ਦੋਸਤਾਂ ਨੂੰ ਸ਼ੁਬ੍ਹਾ ਹੈ ਸ਼ਾਕਿਰ ਜੀ ਤੇਰੀ ਅਕਲ ਤੇ,
ਸ਼ਾਇਰੀ ਕਰਦਾ ਐਂ ਤੂੰ ਦਾਨਿਸਵਰਾਂ ਦੇ ਸਾਮ੍ਹਣੇ ।

✪

ਓਹ ਮੈਥੋਂ ਇਓਂ ਜੁਦਾ ਹੁੰਦਾ ਹੈ ਜਿੱਦਾਂ,
ਕੋਈ ਕਰਵਟ ਬਦਲਦੈ ਸੌਂਦੇ ਸੌਂਦੇ ।
ਬੜੇ ਨੇ ਦਾਗ਼ ਗ਼ਮ ਦੇ ਸੀਨੇ ਅੰਦਰ,
ਤੁਰਨ ਜਿੱਦਾਂ ਧੁਪੀ ਚਾਦਰ ਤੇ ਧੱਬੇ ।
ਉਹ ਫੌਰਨ ਫਿਰ ਗਿਆ ਰਾਹੇ-ਵਫ਼ਾ ਤੋਂ,
ਕਿ ਟੁੱਟ ਜਾਦੇਂ ਨੇ ਜਿੱਦਾਂ ਕੱਚੇ ਧਾਗੇ ।
ਕਿਸੇ ਦੀ ਯਾਦ ਸਾਹਾਂ ਵਿਚ ਵਸੀ ਹੈ,
ਕਿ ਜਿੱਦਾਂ ਹੋਣ ਫੁੱਲ ਤਕੀਏ ਦੇ ਨੀਚੇ।
ਉਮੀਦਾਂ ਆਰਜ਼ੂਆਂ ਤੇਰੀਆਂ ਯਾਦਾਂ,
ਜਿਵੇਂ ਕੁਝ ਦਾਇਰੇ ਨੇ ਰੌਸ਼ਨੀ ਦੇ ।

✪

ਕਦ ਤਕ ਆਖ਼ਿਰ ਖ਼ੁਸ਼ ਰਹੋਗੇ, ਇਕ ਦਿਨ, ਪਛਤਾਉਗੇ,
ਮੇਰੇ ਸਹਿਰਾ ਵਿਚ ਨਾ ਆਓ ਵੇਖੋ ਘਬਰਾ ਜਾਉਗੇ।
ਅੱਜ ਅਪਣੇ ਇਸ਼ਕ ਤੇ ਹੈ ਨਾਜ਼ ਐਪਰ ਕੱਲ੍ਹ ਨੂੰ,
ਇਸ ਤਰ੍ਹਾਂ ਵਿਛੜੋਗੇ ਸਾਹਿਬ! ਉਮਰ ਭਰ ਯਾਦ ਆਓਗੇ।
ਦਿਲ ਦਾ ਕੀ ਹੈ, ਅੱਜ ਰੌਸ਼ਨ ਹੈ, ਤਾਂ ਕਲ ਬੁੱਝ ਜਾਏਗਾ,
ਫਿਰ ਤੁਸੀਂ ਇਸ ਘੁੱਪ -ਹਨੇਰੇ ਤੋਂ ਬਹੁਤ ਘਬਰਾਉਗੇ ।
ਅੱਜ ਤਾਂ ਹੋ ਸਰਸਾਰ, ਚਾਹਤ ਦੇ ਨਸ਼ੇ ਵਿਚ, ਕੱਲ, ਮਗਰ,
ਰੋਗ ਲੱਗ ਜਾਵੇਗਾ ਜੀਅ ਨੂੰ ਗ਼ਮ -ਜ਼ਦਾ ਹੋ ਜਾਉਗੇ।

✪

ਸਹਿਰਾ ਹੈ ਮੇਰੀ ਕਿਸ਼ਤੀ ਸਦਾਅ ਬਾਦਬਾਨ ਹੈ,
ਮੈਂ ਚਾਰ-ਸੂ ਹਾਂ ਸੈਲੇ-ਸਫ਼ਰ ਦਰਮਿਆਨ ਹੈ ।

ਹਰ ਸ਼ਬ ਨਵਾਂ ਕਰਿਸ਼ਮਾ ਵਿਖਾਉਂਦੀ ਹੈ ਇਹ ਜ਼ਿਮੀਨ,
ਹਰ ਰੋਜ਼ ਮੇਰੇ ਸਿਰ 'ਤੇ ਨਵਾਂ ਆਸਮਾਨ ਹੈ।

ਇਕ ਬੇ-ਤਲਬ ਨਸ਼ੇ 'ਚ ਹੈ ਸਰਸ਼ਾਰ ਮੇਰਾ ਜਿਸਮ,
ਇਕ ਬੇ-ਸਬਬ ਹਰਾਸ ਦੀ ਮੁੱਠੀ 'ਚ ਜਾਨ ਹੈ।

ਕੁਝ ਰਾਸ ਆ ਗਈ ਹੈ ਇਹ ਵਹਿਸ਼ਤ ਦੀ ਜਿੰਦਗੀ,
ਕੁਝ ਓਸ ਦੇ ਜੰਗਲਾਂ ਦੀ ਹਵਾ ਮਿਹਰਬਾਨ ਹੈ।

ਵੱਡੀ ਜਿਹੀ ਓਹ ਡਿਓੜੀ ਕਰਾਸਿੰਗ ਦੇ ਸਾਹਮਣੇ,
ਡਿਓੜੀ ਤੋਂ ਚਾਰ ਛੇ ਕਦਮ ਅੱਗੇ ਮਕਾਨ ਹੈ।

ਕੰਨਾਂ 'ਚੋ ਉਂਗਲੀਆਂ ਜੇ ਨਾ ਕੱਢੋ ਤਾਂ ਕੁਝ ਨਹੀਂ,
ਸੁਣਦੇ ਰਹੋ ਤਾਂ ਰੋਜ਼ ਨਵੀਂ ਦਾਸਤਾਨ ਹੈ।

✪

ਬਿਸ਼ੱਕ ਅੱਖ ਤਰਸਦੀ ਹੈ ਹੰਝੂਆਂ ਖ਼ਾਤਿਰ,
ਬਹਾਨਾ ਭਾਲ ਹੀ ਲੈਂਦੇ ਹਾਂ ਕਹਿਕਿਹਾਂ ਖ਼ਾਤਿਰ ।
ਤਾਂ ਕੀ ਇਸੇ ਲਈ ਚੁਭਦੀ ਹੈ ਘਰ ਦੀ ਵੀਰਾਨੀ,
ਚਿਰਾਗ਼ ਮੈਂ ਤਾਂ ਜਗਾਏ ਨੇ ਦੂਜਿਆਂ ਖ਼ਾਤਿਰ ।
ਕੋਈ ਨਵੀਂ ਤਾਂ ਨਹੀਂ ਦਿਲ ਤੇ ਅੱਖ ਦੀ ਵੀਰਾਨੀ,
ਇਹ ਸ਼ਹਿਰ ਅਜ਼ਲ ਤੋਂ ਤਰਸਦੇ ਨੇ ਵਾਸੀਆਂ ਖ਼ਾਤਿਰ।
ਨਤੀਜ਼ਾ ਇਹ ਕਿ ਖ਼ਿਲਾਵਾਂ 'ਚ ਘਿਰ ਗਿਆ ਹਾਂ ਮੈਂ,
ਮੈਂ ਪਸਤੀਆਂ ਤੋਂ ਸੀ ਤੁਰਿਆ ਬੁਲੰਦੀਆਂ ਖ਼ਾਤਿਰ ।
ਤਿਰਾ ਵਫ਼ਾ ਦਾ ਓਹ ਵਾਅਦਾ ਭਵਾਂ ਹੈ ਪੱਕਾ ਰੋੜ,
ਇਹ ਸ਼ੁਗਲ ਚੰਗਾ ਨਹੀਂ ਸਾਡੇ ਬੇ-ਦਿਲਾਂ ਖ਼ਾਤਿਰ ।
ਯਕੀਨ ਆਉਂਦਾ ਨੀ ਮੈਨੂੰ ਕਿ ਗੈਰ -ਇਰਾਦੀ ਸੀ,
ਨਜ਼ਰ ਜੋ ਮੇਰੇ ਤੇ ਹਾਵੀ ਰਹੀ ਪਲਾਂ ਖ਼ਾਤਿਰ ।
ਕਦੇ ਤਾਂ ਰਸਤੇ 'ਤੇ ਆਵੇ ਇਹ ਬੇ-ਤੁਕਾ ਅਸਮਾਨ,
ਮਿਰੇ ਲਈ ਸਈ ਜਾ ਮੇਰੇ ਦੁਸ਼ਮਣਾ ਖ਼ਾਤਿਰ ।
ਇਸੇ ਖ਼ਿਆਲ 'ਚ ਕੋਸ਼ਿਸ ਨਾ ਕੀਤੀ ਸਮਝਣ ਦੀ,
ਕਿ ਨਾਲ ਰਹਿ ਸਕਾਂ ਯਾਰਾਂ ਦੇ ਕੁਝ ਪਲਾਂ ਖ਼ਾਤਿਰ ।

✪

ਖ਼ੁਦ ਨਾਲ ਗਲਾਂ ਕਰਨ ਨੂੰ ਜਦ ਵੀ ਦਿਲ ਕਰਦਾ ਹੈ,
ਘਰ ਤੋਂ ਉਠ ਕੇ ਦਰਿਆ ਕੰਢੇ ਆ ਬਹਿੰਦਾ ਹਾਂ ।
ਮਿਰੇ ਹਾਲ ਤੋਂ ਇਸ ਗਲ ਦਾ ਅੰਦਾਜ਼ਾ ਕਰ ਲਓ,
ਫ਼ੁੱਲਾਂ ਨਾਲ ਲੱਦੇ ਦਰਖ਼ਤ ਦਾ ਇੱਕ ਪੱਤਾ ਹਾਂ ।
ਧਿਆਨ ਨੂੰ ਇਕਲਾਪੇ ਦਾ ਪੇੜ ਸਮਝ ਲਓ,
ਮੈਂ ਤਾਂ ਉਸਦੀ ਛਾਂ ਹੇਠਾਂ ਮੁੱਦਤਾਂ ਬੈਠਾ ਹਾਂ ।
ਜਾਣੇ ਕਿਸ ਪਲ ਦੀ ਖ਼ੁਸਬੋ ਹੈ ਮੇਰੇ ਅੰਦਰ,
ਜਾਣੇ ਕਿਸ ਦੁਨੀਆਂ ਦੇ ਪਿੱਛੇ ਦੌੜ ਰਿਹਾਂ ਹਾਂ ।
ਕੈਸੇ ਕੈਸੇ ਲੋਕ ਨਜ਼ਰ ਅੱਗੋਂ ਦੀ ਲੰਘਦੇ,
ਕੈਸੇ ਕੈਸੇ ਸਾਰਾ ਦਿਨ ਮੈਂ ਦੁਖ ਸਹਿੰਦਾ ਹਾਂ ।
ਮੇਰੇ ਨੈਣ -ਨਕਸ਼ ਨੂੰ ਤੱਕੋ ਤੇ ਪਹਿਚਾਣੋ,
ਮੈਂ ਵੀ ਆਪਣੀ ਫ਼ਾਨੀ ਉਮਰ ਦਾ ਇਕ ਕਤਬਾ ਹਾਂ।
ਸਮੇਂ ਦੇ ਪਹੀਏ ਸਿਰ 'ਤੇ ਖ਼ਾਕ ਉੜਾ ਜਾਂਦੇ ਨੇ,
ਓਹ ਕੀ ਜਾਣਨ ਕੌਣ ਹਾਂ ਮੈਂ ਕਿਸਦਾ ਚਿਹਰਾ ਹਾਂ।

✪

ਦੀਵਾਰ ਸੀ ਨਸੀਬ ਮਗਰ ਦਰ ਕਦੇ ਨਾ ਸੀ,
ਮੈਂ ਜਿਸ 'ਚ ਰਹਿ ਰਿਹਾਂ ਸਾਂ ਮਿਰਾ ਘਰ ਕਦੇ ਨਾ ਸੀ ।
ਉਹ ਕਿਓਂ ਉਦਾਸ ਕਰ ਗਿਆ ਤੈਨੂੰ, ਕਯਾਮ ਕਰ,
ਹਰ ਸਖ਼ਸ਼ ਕਹਿ ਰਿਹਾ ਹੈ ਉਹ ਪੱਥਰ ਕਦੇ ਨਾ ਸੀ ।
ਮੁੱਦਤ ਤੋਂ ਬਾਅਦ ਤੱਕਿਆ ਤਾਂ ਉਹ ਲੱਗਾ ਓਪਰਾ,
ਓਸ ਦਾ ਤਾ ਮੇਰੇ ਜ਼ਿਹਨ 'ਚ ਪੈਕਰ ਕਦੇ ਨਾ ਸੀ ।
ਸਭਨਾਂ ਦੀ ਓਸ ਨੇ ਪਿਆਸ ਬੁਝਾਈ ਤਮਾਮ ਉਮਰ,
ਵੇਖਣ ਨੂੰ ਓਹੀ ਸਖ਼ਸ਼ ਸਮੁੰਦਰ ਕਦੇ ਨਾ ਸੀ ।
ਸਦੀਆਂ ਤੋਂ ਬਾਅਦ ਧੁੱਪ 'ਚ ਤੇਜ਼ੀ ਹੈ ਅੱਜ ਦੁਪਹਿਰ,
ਮੌਸਮ ਤਾਂ ਸਾਡੇ ਸ਼ਹਿਰ ਦਾ ਅਬਤਰ ਕਦੇ ਨਾ ਸੀ।

✪

ਨਜ਼ਰ ਨੂੰ ਅੰਗ ਸ਼ੀਸ਼ੇ ਦਾ ਬਣਾ ਲੈਂਦਾ ਹਾਂ ਪਹਿਲਾਂ,
ਮੈਂ ਹਰ ਮੰਜ਼ਰ ਦੇ ਪਸ-ਮੰਜ਼ਰ ਨੂੰ ਪਾ ਲੈਂਦਾ ਹਾਂ ਪਹਿਲਾਂ ।
ਜਿਆਦਾ ਦਿਨ ਨਹੀਂ ਰਹਿੰਦਾ ਮੈਂ ਖ਼ੁਦ ਤੋਂ ਬੇ-ਤਅਲੁੱਕ,
ਹਮੇਸ਼ਾ ਰੁਸ ਕੇ ਖ਼ੁਦ ਨੂੰ ਮਨਾ ਲੈਂਦਾ ਹਾਂ ਪਹਿਲਾਂ।
ਫਿਰ ਓਸ ਤੋਂ ਬਾਅਦ ਸੁਣਦਾ ਹਾਂ ਸ਼ਬੇ-ਗ਼ਮ ਦਾ ਫ਼ਸਾਨਾ,
ਮੈਂ ਅਪਣੀ ਅੱਖ ਨੂੰ ਪੱਥਰ ਬਣਾ ਲੈਂਦਾ ਹਾਂ ਪਹਿਲਾਂ ।
ਬੜਾ ਚਿਰ ਪਾ ਕੇ ਕਰਦਾ ਹਾਂ, ਤਮੰਨਾ ਦਾ ਮੈਂ ਇਜ਼ਹਾਰ,
ਦਿਲਾਂ ਵਿਚ ਆਪਣਾ ਰਸਤਾ ਬਣਾ ਲੈਂਦਾ ਹਾਂ ਪਹਿਲਾਂ।
ਮਜ਼ਾ ਲਲਕਾਰ ਕੇ ਗੋਲੀ ਚਲਾਵਣ ਦਾ ਹੈ ਸ਼ਾਕਿਰ,
ਪਰਿੰਦਿਆਂ ਨੂੰ ਦਰਖ਼ਤਾਂ 'ਤੋਂ ਉੜਾ ਲੈਂਦਾ ਹਾਂ ਪਹਿਲਾਂ।

✪

ਪੀ ਚਿੱਤ-ਚੋਰ ਤੋਂ ਚੋਰੀ ਚੋਰੀ,
ਲੱਗੀਆਂ ਅੱਖਾਂ ਚੋਰੀ ਚੋਰੀ ।
ਗਿਰਧਰ ਦੇ ਸੰਜੋਗ'ਚ ਗੋਰੀ,
ਚੰਦਾ ਦੇ ਹਮਰਾਹ ਚਕੋਰੀ ।
ਸੁਰ ਸਬੰਧ ਸਭਾਦਿਲ ਸੰਗਮ,
ਬੋਲ-ਹਿੰਡੋਲ ਦੀ ਲਯ ਦੀ ਲੋਰੀ।
ਸ਼ਬਦ ਬਿਨਾ ਸ਼ਕਲਾਂ ਬੇ-ਸੋਤਾ,
ਗਿਆਨ ਬਿਨਾ ਹਰ ਆਨ ਛਛੋਰੀ ।
ਨਸ਼ਿਆਈ ਉਹ ਮਤਵਾਰੀ ਛਬ,
ਡਲ੍ਹਕੇ ਛਲਕੇ ਕੰਵਲ ਕਟੋਰੀ ।
ਗੀਤ ਮਿਰੇ ਪ੍ਰਦੀਪ ਦੇ ਗਜ਼ਰੇ,
ਪ੍ਰੀਤ ਤਿਰੀ ਚੰਦਨ ਦੀ ਡੋਰੀ ।
ਮਿੱਟੀ ਦੇ ਜਾਦੂਈ ਮੁਰੱਕੇ,
ਖ਼ਲਣੇ ਖੇਤ ਅਨਾਜ਼ ਦੀ ਬੋਰੀ।
ਜਗ ਅਸਾਧ ਕੇ ਜੋਗ ਸਾਧ ਕੇ,
ਸੰਗ ਸਜਣ ਦੇ ਖੜੀ ਹੈ ਗੋਰੀ।

✪

ਜ਼ੁਰਮ ਦੇ ਹੁਣ ਜ਼ਾਵੀਏ ਕੁਝ ਹੋਰ ਨੇ,
ਮੁਨਸਿਫ਼ਾਂ ਦੇ ਫੈਸਲੇ ਕੁਝ ਹੋਰ ਨੇ।
ਜੋ ਸਫ਼ਰ ਵਿਚ ਥੱਕ ਗਏ ਕੁਝ ਹੋਰ ਸਨ,
ਰਾਹ 'ਚ ਜਿਹੜੇ ਰਹਿ ਗਏ ਕੁਝ ਹੋਰ ਨੇ।
ਦਾਸਤਾਂ ਮੇਰੀ-ਤਿਰੀ ਹੈ ਹੋਰ ਕੁਝ,
ਤੇਰੇ ਮੇਰੇ ਤਜ਼ਰਬੇ ਕੁਝ ਹੋਰ ਨੇ।
ਚਾਹਤਾਂ ਦੀ ਅਪਣੀ ਦੁਨੀਆਂ ਹੋਰ ਹੈ,
ਰੰਜੋ-ਗ਼ਮ ਦੇ ਸਿਲਸਿਲੇ ਕੁਝ ਹੋਰ ਨੇ।

✪

ਜਿਸ ਤਰਫ਼ ਵੀ ਵੇਖੀਏ ਜੁਗਨੂੰ ਚਮਕਦੇ ਨੇ ਬਹੁਤ,
ਰਾਸਤੇ ਇਸ ਸ਼ਹਿਰ 'ਚੋਂ ਹੋ ਕੇ ਗੁਜ਼ਰਦੇ ਨੇ ਬਹੁਤ ।
ਦੂਰ ਜੰਗਲ ਵਿਚ ਨੇ ਜਗੀਆਂ ਆਬਨੂਸੀ ਬੱਤੀਆਂ,
ਆਤਸ਼ੀ ਰੰਗਾਂ ਦੇ ਚਿਹਰੇ ਵੀ ਟਹਿਕਦੇ ਨੇ ਬਹੁਤ।
ਓਨ੍ਹਾਂ ਚਿਹਰਿਆਂ ਤੇ ਮੁਸ਼ੱਕਤ ਦੇ ਨਿਸ਼ਾਨ ਤਾਂ ਵੇਖ ਲਓ,
ਜੋ ਖੁਸ਼ੀ ਦੇ ਵਾਸਤੇ ਹਰ ਦਮ ਤਰਸਦੇ ਨੇ ਬਹੁਤ ।
ਪਾਣੀਆਂ ਦੀਆਂ ਕਿਸ਼ਤੀਆਂ ਸਾਹਿਲ 'ਤੇ ਆ ਕੇ ਰੁਕਗੀਆਂ,
ਰੰਗੋ-ਬੂ ਦੇ ਜ਼ਾਵੀਏ ਅਕਸਰ ਚਮਕਦੇ ਨੇ ਬਹੁਤ ।
ਗੁੰਮ-ਸ਼ੁਦਾ ਮੌਸਮ ਹੈ ਕਿੱਥੇ ਗੁੰਮਿਆ ਸ਼ਾਕਿਰ ਕਿ ਇਹ,
ਰਾਸਤੇ ਹੋਏ ਨੇ ਡਿੰਗੇ ਜੋ ਬਦਲਦੇ ਨੇ ਬਹੁਤ ।

✪

ਇਹ ਕਿੰਨੀ ਪੁਰ-ਪੇਚ ਜਿਹੀ ਰਾਹ ਲੱਗਦੀ ਹੈ,
ਕਰਾਂਗਾਂ ਤੈਅ ਜਿੱਥੋਂ ਤੀਕਰ ਵਾਹ ਲਗਦੀ ਹੈ।
ਤੂੰ ਕਿਓਂ ਹੈ ਹੈਰਾਨ ਵਰ੍ਹੇ ਜੇ ਅੰਗਿਆਰੇ,
ਇਹ ਬ਼ਰਸਾਤ ਤਾਂ ਰੋਜ਼ ਅਸਾਂ 'ਤੇ ਵਰ੍ਹਦੀ ਹੈ।
ਰਾਤੀਂ ਇਹ ਸੁਹਾਗ ਸੀ ਮੇਰਾ ਲੋਥ ਹੈ ਹੁਣ,
ਚੂੜਾ ਭੰਨਦੀ ਕਲਹਣ ਕਹਿੰਦੀ ਕੰਬਦੀ ਹੈ।
ਇਹ ਰੇਲਾ ਹੰਝੂਆਂ ਦਾ ਹਾਸੇ ਟੁੰਬਦੇ ਵੈਣ,
ਜਾਪੇ ਧਰਤੀ ਵੱਲ ਪਾਤਾਲ ਖ਼ਿਸਕਦੀ ਹੈ।
ਲਾਂਸ਼ਾਂ ਦੇ ਅੰਬਾਰ ਲਹੂ ਨੇਜ਼ੇ ਬਰਛੇ,
ਇਹ ਤਸਵੀਰ ਤਾਂ ਲਗਦੈ ਕਿਸੇ ਨਰਕ ਦੀ ਹੈ।
ਲਾਂਸ਼ਾਂ, ਟੁੱਟੀਆਂ ਵੰਗਾਂ, ਉਜੜੀਆ ਮਾਂਗਾਂ, ਕਹਿਰ,
ਸ਼ਹਿਰ ਹੈ ਕੋਈ ਜਾਂ ਡੈਣਾਂ ਦੀ ਬਸਤੀ ਹੈ।
ਕਿੰਨਾ ਹੈਬਤ-ਨਾਕ ਹੈ ਇਹ ਕਹਿਰੀ ਹਾਸਾ,
ਕੋਈ ਕਲਮੂੰਹੀ ਅੰਬਰਾਂ 'ਤੋਂ ਹੱਸਦੀ ਹੈ।

✪

ਇਹ ਕੈਸੀ ਕੈਦੇ-ਤਨਹਾਈ ਮਿਲੀ ਹੈ,
ਕਿ ਦਿਲ ਦੀ ਹਰ ਗਲੀ ਸੁੰਨੀ ਪਈ ਹੈ।
ਹਰਿਕ ਪਾਸੇ ਹਨੇਰਾ ਹੀ ਹਨੇਰਾ,
ਚੌਂਹੀ ਪਾਸੀਂ ਬੜੀ ਹੀ ਤੀਰਗੀ ਹੈ।
ਸਿਮਟ ਕੇ ਸ਼ਹਿਰ ਦੀ ਸਾਰੀ ਉਦਾਸੀ,
ਅਸਾਡੇ ਘਰ ਦੇ ਅੰਦਰ ਆ ਗਈ ਹੈ।
ਕੋਈ ਵੇਖੇ ਬਲਾਵਾਂ ਦਾ ਇਹ ਜੰਗਲ,
ਕਿ ਘਰ ਘਰ ਖ਼ਾਕ ਜਿਹੀ ਉੜਦੀ ਪਈ ਹੈ।
ਕਿਹਨੂੰ ਅਵਾਜਾਂ ਮਾਰਾਂ ਸੁੰਨੇ ਘਰ ਵਿਚ
ਕਿ ਕੰਧਾਂ ਨਾਲ ਲਿਪਟੀ ਬੇ-ਵਸੀ ਹੈ।
ਸਹਾਰਾ ਦਵੇ ਕੋਈ ਕਿਸ ਨੂੰ ਆਖ਼ਿਰ,
ਕਿ ਹਰ ਦੀਵਾਰ ਤਾਂ ਢਹਿੰਦੀ ਪਈ ਹੈ।
ਜ਼ਮਾਨਾ ਹੋ ਗਿਆ ਤੱਕਿਆਂ ਖ਼ੁਸ਼ੀ ਨੂੰ
ਖ਼ੁਸ਼ੀ ਤਾਂ ਜਿੱਦਾਂ ਰੁਖ਼ਸਤ ਹੋ ਗਈ ਹੈ।

✪

ਕੀ ਜੀਵੀਏ ਕਿ ਮੌਤ ਦੇ ਹੀਲੇ ਨਹੀਂ ਰਹੇ,
ਨਾਖ਼ੁਨ ਹੀ ਵਹਿਸ਼ੀਆਂ ਦੇ ਨੁਕੀਲੇ ਨਹੀਂ ਰਹੇ,
ਖ਼ੁਦ ਸਿੱਧਾ ਹੋ ਗਿਆ ਮਿਰੀ ਪਗੜੀ ਦਾ ਲੜ ਜਦ,
ਇਹ ਬਸਤੀਆਂ ਦੇ ਲੋਕ ਰੰਗੀਲੇ ਨਹੀਂ ਰਹੇ।
ਹਰ ਸ਼ਖ਼ਸ਼ ਜਿਸ ਜਗ੍ਹਾ ਵੀ ਹੈ ਟੁੱਟਿਆ ਜਿਹਾ ਦਿਸੇ,
ਤਹਿਜ਼ੀਬ ਆਈ ਹੈ ਤਾਂ ਕਬੀਲੇ ਨਹੀਂ ਰਹੇ।
ਹੁਣ ਅਪਣੇ-ਆਪ ਨਾਲ ਹੀ ਕਰ ਲੈਣਾਂ ਗੁਫ਼ਤਗੂ,
ਯਾਰਾਂ ਦੀ ਗੁਫ਼ਤਗੂ ਦੇ ਵਸੀਲੇ ਨਹੀਂ ਰਹੇ।
ਇਹ ਕੀ-ਕਿ ਅਸਮਾਨ ਦਾ ਸਾਯਾ ਵੀ ਉਠ ਗਿਆ,
ਹੱਦੇ ਨਜ਼ਰ ਵੀ ਨੀਲੇ ਨੀਲੇ ਨਹੀਂ ਰਹੇ।

✪

ਅਪਣੇ ਬਦਨ ਦੀ ਕੈਦ ਤੋਂ ਬਾਹਰ ਵੀ ਵੇਖਦੇ,
ਆਈਨੇ ਦੇ ਤਾਂ ਸਾਹਮਣੇ ਹੋ ਕੇ ਵੀ ਵੇਖਦੇ।
ਅੰਬਰ ਦੀ ਛਾਂ ਨਾ ਤੋੜ ਸਕੀ ਪਾਣੀ ਦਾ ਵਜੂਦ,
ਪੱਥਰ ਗਿਰਾ ਕੇ ਝੀਲ ਦੇ ਅੰਦਰ ਵੀ ਵੇਖਦੇ।
ਕਰਦੇ ਪਲਟ ਕੇ ਅਪਣੀ ਹੀ ਛਾਂ ਨਾਲ ਗੁਫ਼ਤਗੂ
ਸਹਿਰਾ 'ਚ ਸਰ੍ਹੋਂ-ਫੁੱਲਾ ਸਮੁੰਦਰ ਵੀ ਵੇਖਦੇ,
ਦੁਨੀਆਂ ਦਾ ਖ਼ੌਫ ਸੀ ਤਾਂ ਲਗਾਈ ਸੀ ਅੱਗ ਕਿਉਂ,
ਜਾਂ ਮੋਮ ਦਾ ਪਿਘਲਦਾ ਹੋਇਆ ਘਰ ਵੀ ਵੇਖਦੇ।
ਸ਼ਾਕਿਰ ਤਮਾਮ ਉਮਰ ਇਹ ਖ਼ਾਹਿਸ਼ ਬਣੀ ਰਹੀ,
ਅਪਣੇ ਬਦਨ ਦੀ ਮੌਤ ਦਾ ਮਨਜ਼ਰ ਵੀ ਵੇਖਦੇ।

✪

ਮਨਜ਼ਰ ਝੀਲ ਦੇ ਪਾਣੀ ਦਾ
ਆਂਚਲ ਚੁਨਰੀ ਧਾਨੀ ਦਾ
ਡੁੱਬ ਗਿਆ ਸੰਨਾਟਿਆਂ ਵਿਚ
ਜੋਬਨ ਰਾਤ ਦੀ ਰਾਣੀ ਦਾ
ਕਿਸ਼ਤੀ ਨੂੰ ਇਹ ਲੈ ਡੁੱਬੂ
ਜ਼ੋਰ ਹਵਾ ਤੂਫ਼ਾਨੀ ਦਾ
ਇਕ ਦਿਨ ਬਣ ਜਾਂਦੈ ਦਰਿਆ
ਕਤਰਾ ਕਤਰਾ ਪਾਣੀ ਦਾ
ਪਤਾ ਨਹੀਂ ਕਿਸਨੂੰ ਤੱਕਦਾ ਹੈ
ਤਾਰਾ ਸ਼ਾਮ ਸੁਹਾਨੀ ਦਾ
ਸ਼ੈਦਾ ਹੈ ਮੁੱਦਤ ਤੋਂ ਦਿਲ
ਇਕ ਸੂਰਤ ਅਣਜਾਣੀ ਦਾ
ਪਤਾ ਨਹੀਂ ਕਿਉਂ ਦੀਵਾਨਾ ਹੈ
ਦਿਲ, ਦੁਨੀਆਂ ਦੀਵਾਨੀ ਦਾ
ਆਖ਼ਿਰ ਮਿਲ ਜਾਂਦੈ ਰਸਤਾ
ਮੁਸ਼ਕਿਲ 'ਚੋਂ ਆਸਾਨੀ ਦਾ

✪

ਇਕ ਪੱਤਾ ਕਿਸੇ ਸ਼ਾਖ ਤੋਂ ਕਰਕੇ ਜ਼ੁਦਾ ਤਾਂ ਵੇਖ
ਮੈਂ ਫਿਰ ਵੀ ਜੀ ਰਿਹਾ ਹਾਂ ਮਿਰਾ ਹੌਸਲਾ ਤਾਂ ਵੇਖ
ਮਿੱਟੀ ਦੀ ਮੁੱਠ ਜਾਣ ਕੇ ਤੂੰ ਤਾਂ ਉੜਾ ਤਾ
ਹੁਣ ਮੈਨੂੰ ਆਪਣੇ ਰਾਹ 'ਚ ਖਿੰਡਿਆ ਹੋਇਆ ਤਾਂ ਵੇਖ
ਜ਼ਰੇ ਦੇ ਵਾਂਗ ਸਿਮਟਿਆ ਹੋਇਆ ਨਾ ਮੈਨੂੰ ਜਾਣ
ਸਹਿਰਾ ਦੇ ਵਾਂਗ ਮੈਨੂੰ ਪਸਰਿਆ ਹੋਇਆ ਤਾਂ ਵੇਖ
ਗੈਰਾਂ ਦੇ ਕੋਲ ਜਾ ਕੇ ਹਿਕਾਇਤ ਮੇਰੀ ਨਾ ਪੁੱਛ
ਜੋ ਕੁਝ ਹੈ ਮੇਰੇ ਚਿਹਰੇ ਤੇ ਲਿਖਿਆ ਹੋਇਆ ਤਾਂ ਵੇਖ
ਤੇਰੇ ਲਈ ਤਾਂ ਸਿਰਫ਼ ਇਸ਼ਾਰੇ ਦੀ ਖੇਡ ਸੀ
ਮੈਨੂੰ ਜੋ ਪੇਸ਼ ਆਇਆ ਉਹ ਹਾਦਸਾ ਤਾਂ ਵੇਖ
ਮੰਨਿਆ ਕਿ ਤੇਰਾ– ਮੇਰਾ ਕੋਈ ਵਾਸਤਾ ਨਹੀਂ
ਮੈਨੂੰ ਮਿਲਣ ਤੋਂ ਪਿਛੋਂ ਜ਼ਰਾ ਆਈਨਾ ਤਾਂ ਵੇਖ
ਚਿਹਰੇ ਦੀ ਚਾਂਦਨੀ ਤੇ ਨਾ ਤੂੰ ਐਸਾ ਮਾਣ ਕਰ
ਤੂੰ ਤੜਕ-ਸਾਰ ਰੰਗ ਕਦੇ ਚੰਦ ਦਾ ਤਾਂ ਵੇਖ

✪

ਕਿਹਨੂੰ ਪਤੈ ਕਿ ਇਹ ਦੂਰੀ ਦਾ ਭੇਤ ਕੀ ਸ਼ੈਅ ਹੈ,
ਕਦਮ ਉਠਾਓ, ਤਾਂ ਰਸਤਾ ਵੀ ਨਾਲ ਚੱਲਦਾ ਹੈ।
ਜੇ ਵੇਖੀਏ ਤਾਂ ਹਰਿਕ ਕਾਫ਼ਿਲੇ 'ਚ ਸ਼ਾਮਿਲ ਹੈ,
ਜੇ ਸੋਚੀਏ ਤਾਂ ਸਫ਼ਰ ਵਿਚ ਹਰ ਇਕ ਇਕੱਲਾ ਹੈ।
ਇਹ ਕਾਫ਼ਿਲਾ ਤਾਂ ਪਤੈ ਕਿਹੜੇ ਰਾਹ ਤੇ ਤੁਰ ਪੈਣੈ,
ਇਹ ਕਾਫ਼ਿਲਾ ਕਿ ਜਿਹਨੇ ਰਾਤ ਭਰ ਹੀ ਰੁਕਣਾ ਹੈ।
ਉਭਰ ਰਹੇ ਨੇ ਜੋ ਮਨਜ਼ਰ ਨਜ਼ਰ ਦਾ ਧੋਖਾ ਨੇ,
ਜੋ ਖੁਲ੍ਹ ਰਿਹਾ ਹੈ ਦਰੀਚਾ ਇਹ ਵਹਿਮ ਅਪਣਾ ਹੈ।
ਉਦਾਸੀਆਂ ਨੂੰ ਛੁਵਣ ਦੇ ਫੁੱਲਾਂ ਵਰਗਾ ਬਦਨ,
ਅਜੇ ਕੁਝ ਹੋਰ ਤੂੰ ਗ਼ਮ ਵਾਲਿਆਂ 'ਤੇ ਹੱਸਣਾ ਹੈ।
ਮਿਰੀ ਵਫ਼ਾ ਤੇ ਵੀ ਐ ਦੋਸਤ ਏਤਬਾਰ ਨਾ ਕਰ,
ਕਿ ਮੈਂ ਵੀ ਤੇਰੀ ਤਰ੍ਹਾਂ ਸਭ ਨੂੰ ਪਿਆਰ ਕਰਨਾ ਹੈ।
ਇਹ ਪੁਛਣਾ ਹੈ ਕਿ ਗੈਰਾਂ ਤੋਂ ਤੈਨੂੰ ਕੀ ਮਿਲਿਆ ।
ਤਿਰੀ ਵਫ਼ਾ ਦੀ ਸ਼ਿਕਾਇਤ ਤਾਂ ਕਿਹੜਾ ਕਰਦਾ ਹੈ।
ਇਹ, ਇੱਕੋ ਚਾਪ ਜੋ ਵਰ੍ਹਿਆਂ ਤੋਂ ਸੁਣ ਰਿਹਾ ਹਾਂ ਮੈਂ,
ਕੋਈ ਤਾਂ ਹੈ ਜੋ ਇਥੋਂ ਆ ਕੇ ਪਰਤ ਜਾਂਦਾ ਹੈ

✪

ਮੇਰੀਆਂ ਅੱਖਾਂ ਨੂੰ ਮਿਰੀ ਸ਼ਕਲ ਵਿਖਾ ਦੇ ਕੋਈ,
ਕਾਸ਼! ਮੈਨੂੰ ਹੀ ਮਿਰਾ ਅਹਿਸਾਸ ਕਰਾ ਦੇ ਕੋਈ।
ਗ਼ਰਜ਼ ਇਸ ਤੋਂ ਨਹੀਂ, ਉਹ ਕੌਣ ਹੈ ਕਿਸ ਭੇਸ 'ਚ ਹੈ
ਮੈਂ ਹਾਂ ਕਿਹੜੀ ਜਗ੍ਹਾ ਬਸ ਮੇਰਾ ਪਤਾ ਦੇ ਕੋਈ ।
ਭਾਲਦਾ ਫਿਰਦਾ ਹਾਂ ਇਉਂ ਅਪਣੇ ਪੈਰਾਂ ਦੇ ਨਿਸ਼ਾਨ,
ਜਿਵੇਂ ਮੈਨੂੰ ਹੀ ਮਿਰੀ ਨਜ਼ਰੋਂ ਛਿਪਾ ਦੇ ਕੋਈ ।
ਦਿਲ ਦੀ ਤਖ਼ਤੀ ਨੂੰ ਮੈਂ ਬਾਜ਼ਾਰ 'ਚ ਲੈ ਟੁਰਿਆ ਹਾਂ,
ਕਾਸ਼! ਇਸ 'ਤੇ ਤੇਰੀ ਤਸਵੀਰ ਬਣਾ ਦੇ ਕੋਈ ।
ਇਓਂ ਤੈਨੂੰ ਵੇਖ ਕੇ ਚੌਂਕ ਉਠਦੀਆਂ ਸੁੱਤੀਆਂ ਯਾਦਾਂ,
ਜਿਵੇਂ ਸੰਨਾਟੇ 'ਚ ਆਵਾਜ਼ ਲਗਾ ਦੇ ਕੋਈ ।
ਦੂਸਰੇ ਪਾਸੇ ਨੇ ਖ਼ੁਸਬੂ ਦੇ ਉਫ਼ਕ ਦੀ ਪ੍ਰਭਾਤ,
ਕੋਹਰੇ ਦੇ ਰੰਗ ਦੀ ਦੀਵਾਰ ਨੂੰ ਢਾਅ ਦੇ ਕੋਈ ।
ਲੋਕ ਬੈਠੇ ਨੇ ਮਕਾਨਾਂ 'ਚ ਬੜੇ ਸਹਿਮੇ ਹੋਏ,
ਕੀ ਪਤੈ, ਕਿਸ ਨੂੰ ਕਦ ਆ ਕੇ ਸਦਾ ਦੇ ਕੋਈ।

✪

ਦਰਦ ਹਾਲਾਤ ਦੇ ਬਰਾਬਰ ਹੈ,
ਜਾਂ ਖ਼ਿਆਲਾਤ ਦੇ ਬਰਾਬਰ ਹੈ।
ਹਿਜ਼ਰ ਵਿਚ ਨੀਂਦ ਕਿਸ ਤਰ੍ਹਾਂ ਆਵੇ,
ਕਿ ਮੁਲਾਕਾਤ ਦੇ ਬਰਾਬਰ ਹੈ।

ਆਪਣੇ ਦਿਲ ਨੂੰ ਸੰਭਾਲ ਲਓ ਸਾਹਿਬ,
ਮੇਰੇ ਜਜ਼ਬਾਤ ਦੇ ਬਰਾਬਰ ਹੈ।
ਹੈ ਗਵਾਹ ਰਾਤ, ਗ਼ੈਬ ਦੀ ਗੱਲ ਦੀ,
ਦਿਨ ਕਦੋਂ ਰਾਤ ਦੇ ਬਰਾਬਰ ਹੈ।

ਕੌਣ ਹੈ ਕਿ ਆਰਜ਼ੂ ਜਿਸ ਦੀ,
ਓਸ ਦੀ ਔਕਾਤ ਦੇ ਬਰਾਬਰ ਹੈ।
ਯਾਰ ਦੀ ਜ਼ਾਤ ਨੂੰ ਸਮਝ ਲੈਣਾ,
ਇੰਕਸ਼ਾਫ਼ਾਤ ਦੇ ਬਰਾਬਰ ਹੈ।

ਇਸ਼ਕ ਦਾ ਖੇਲ ਖ਼ੂਬ ਹੈ ਜਿਸ ਵਿਚ,
ਜਿੱਤ ਵੀ ਹਾਰ ਦੇ ਬਰਾਬਰ ਹੈ।
ਖ਼ਤ 'ਚ ਲਿਖਣਾ ਕਲਾਮ ਸ਼ਾਕਿਰ ਦਾ,
ਇਹ ਵੀ ਸੌਗਾਤ ਦੇ ਬਰਾਬਰ ਹੈ।

✪

ਸਮੁੰਦਰ ਹੈ ਨਾ ਸਹਿਰਾ ਦੂਰ ਤਕ ਹੈ,
ਸਰਾਬਾਂ ਦਾ ਤਮਾਸ਼ਾ ਦੂਰ ਤਕ ਹੈ।
ਹਨੇਰਾ ਕੂਕਦਾ ਸੰਨਾਟਾ ਜੰਗਲ,
ਕਿ ਵਗਦਾ ਡਰ ਦਾ ਦਰਿਆ ਦੂਰ ਤਕ ਹੈ।

ਹੋ ਕਿੱਦਾਂ ਪਾਰ ਇਕਲਾਪੇ ਦਾ ਜੰਗਲ,
ਹਨੇਰਾ ਹੀ ਹਨੇਰਾ ਦੂਰ ਤਕ ਹੈ।
ਖ਼ਿਲਾਅ ਨੂੰ ਨਰਮ ਮਿੱਟੀ ਭਰੂ ਕਿੱਦਾਂ,
ਜ਼ਮੀਂ ਦਾ ਜ਼ਖ਼ਮ ਗ਼ਹਿਰਾ ਦੂਰ ਤਕ ਹੈ।

ਬਦਨ ਇਹ ਥੱਕਿਆ -ਟੁੱਟਿਆ, ਸਾਥ ਦੇਸੀ ?
ਸਫ਼ਰ ਮੌਜ਼ੇ ਹਵਾ ਦਾ ਦੂਰ ਤਕ ਹੈ।
ਕੋਈ ਚਿਹਰਾ ਕਿਸੇ ਖਿੜਕੀ 'ਚੋਂ ਝਾਕੇ,
ਫ਼ਿਜ਼ਾਵਾਂ ਵਿਚ ਧੂੰਆਂ ਦੂਰ ਤਕ ਹੈ।

ਬੜੇ ਸਰ -ਸਬਜ਼ ਨੇ ਲਮਹਿਆਂ ਦੇ ਪੱਤੇ,
ਘਣੇ ਬਰਗਦ ਦਾ ਸਾਯਾ ਦੂਰ ਤਕ ਹੈ।

✪

ਕੁਝ ਅਜਬ ਆਪਣੀ ਹਕੀਕਤ ਨਿਕਲੀ,
ਸ਼ੇ'ਰ ਲਿਖਣਾ ਹੀ ਤਬੀਅਤ ਨਿਕਲੀ।
ਕਦੇ ਜੁਗਨੂੰ ਕਦੇ ਅੰਗਾਂਰਾ ਹਾਂ,
ਜਲਣਾ ਬੁਝਣਾ ਮਿਰੀ ਆਦਤ ਨਿਕਲੀ।
ਖ਼ਾਨਾ-ਜੰਗੀ ਹੈ ਇਥੋਂ ਦਾ ਦਸਤੂਰ,
ਬੇ-ਅਮਾਂ ਦਿਲ ਦੀ ਰਿਆਸਤ ਨਿਕਲੀ ।
ਚੈਨ ਗ਼ਾਰਤ ਹੋਇਆ ਅਰਮਾਨਾਂ ਦਾ,
ਕੈਸੀ ਬਾਗ਼ੀ ਇਹ ਜਮਾਅਤ ਨਿਕਲੀ ।
ਹੰਝੂ ਚਮਕੇ ਤਾਂ ਹਰਫ਼ ਉੱਭਰੇ ਨੇ,
ਖ਼ੂਨ ਵਿਚ ਧੁੱਪ ਕੇ ਇਬਾਰਤ ਨਿਕਲੀ ।
ਹਰ ਨਵਾਂ ਕੰਮ ਮਿਰੀ ਉਜਰਤ ਏਥੇ,
ਕੀ ਨਿਆਮਤ ਮੇਰੀ ਮਿਹਨਤ ਨਿਕਲੀ।
ਜਿਸ ਤਰ੍ਹਾਂ ਫੁੱਲ ਦੇ ਹੱਕ ਵਿਚ ਖ਼ੁਸ਼ਬੂ
ਰਾਇਗ਼ਾਂ ਇਓਂ ਮਿਰੀ ਸ਼ੋਹਰਤ ਨਿਕਲੀ ।
ਜਿੰਦਗ਼ੀ ਵਰਗੀ ਹਕੀਕਤ ਸ਼ਾਕਿਰ,
ਜਿੰਨਾ-ਪਰੀਆਂ ਦੀ ਹਕਾਇਤ ਨਿਕਲੀ।

✪

ਮੁੰਤਜ਼ਿਰ ਰਹਿਣਾ ਵੀ ਕੀ ਚਾਹਤ ਦਾ ਖ਼ਾਮਿਆਜਾ ਨਹੀਂ,
ਕੰਨ ਦਸਤਕ ਤੇ ਨੇ ਲੱਗੇ ਘਰ ਦਾ ਦਰਵਾਜਾ ਨਹੀਂ।
ਤੂੰ ਮੁਕੱਦਰ ਦੀਆਂ ਲੀਕਾਂ ਉਕੱਰ ਛੱਡੀਆਂ ਹੱਥ ਤੇ,
ਤੈਨੂੰ ਵੀ, ਕੀ ਮੇਰੇ ਮੁਸਤਕਬਿਲ ਦਾ ਅੰਦਾਜ਼ਾ ਨਹੀਂ।
ਤੁਸੀਂ ਹੀ ਖ਼ਾਮੋਸ਼ੀਓ ਚੁੱਕ ਲਵੋ ਪੱਥਰ ਹੱਥ ਵਿਚ,
ਕੋਈ ਨਗ਼ਮਾ ਕੋਈ ਹੋਕਾ, ਕੋਈ ਆਵਾਜ਼ਾ ਨਹੀਂ।
ਵੇਖਣਾ ਚਾਹਾਂ ਤਾਂ ਖ਼ੁਸ਼ਬੂ ਛੂਣਾ ਚਾਹਾਂ ਤਾਂ ਹਵਾ,
ਮੇਰੇ ਦਾਮਨ ਤੱਕ ਜੋ ਆਏ ਤੂੰ ਉਹ ਸ਼ੀਰਾਜ਼ਾ ਨਹੀਂ।
ਦਫ਼ਨ ਹਾਂ ਅਹਿਸਾਸ ਦੀ ਸਦੀਆਂ ਪੁਰਾਣੀ ਕਬਰ ਵਿਚ,
ਜਿੰਦਗੀ ਇਕ ਜਖ਼ਮ ਹੈ ਤੇ ਜ਼ਖ਼ਮ ਵੀ ਤਾਜਾ ਨਹੀਂ ।
ਹੁਸਨ ਪਹਿਚਾਣੂਗੀ ਮੇਰਾ ਕੋਈ ਦੇਖਣ ਵਾਲੀ ਅੱਖ,
ਖ਼ੂਨ ਤਾਂ ਅੱਖਾਂ 'ਚ ਹੈ ਚਿਹਰੇ ਤੇ ਜੇ ਗ਼ਾਜ਼ਾ ਨਹੀਂ।
ਮੰਗਦੇ ਕਾਹਦੇ ਲਈ ਨੇ ਲੋਕ ਬਾਰਿਸ਼ ਦੀ ਦੁਆ,
ਰੂਹਾਂ ਦੀ ਪਿਆਸ ਦਾ ਕੀ ਜਿਸਮਾਂ ਨੂੰ ਅੰਦਾਜ਼ਾ ਨਹੀਂ।

✪

ਕੌਣ ਹੈ ਜੋ ਮਿਲਿਆ ਸੀ ਕਦੇ ਆਪਣਿਆਂ ਵਾਂਗੂ,
ਯਾਦ ਆਉਂਦਾ ਹੈ ਮੈਨੂੰ ਚੰਦ ਦੀਆਂ ਰਾਤਾਂ ਵਾਂਗੂ।
ਉਂਜ ਵਿਛੋੜਾ ਗੱਲ ਨੀਂ ਕੋਈ, ਪਰ ਇਹ ਗ਼ਮ ਹੈ,
ਵਿਛੜ ਨਾ ਜਾਵੇ ਕਿਤੇ ਉਹ ਬੀਤੇ ਲਮਹਿਆਂ ਵਾਂਗੂ।
ਐਸੇ ਕੁਝ ਖਿਆਲ ਵੀ ਜ਼ਿਹਨ ਦੇ ਸ਼ਹਿਰ ਅੰਦਰ ਨੇ,
ਉੜਦੇ ਰਹਿੰਦੇ ਨੇ ਜੋ ਸੁੱਕੇ ਪੱਤਿਆ ਵਾਂਗੂ।
ਹੁਣ ਹਾਲਤ ਇਹ ਹੈ ਕਿ ਧੜਕਨ ਵਿਚ ਦਿਲ ਦੀ,
ਤੇਰਾ ਨਾਂ ਸੁਣਦਾ ਹੈ ਦਰਦ ਦੀਆਂ ਟੀਸਾਂ ਵਾਂਗੂ।
ਰਾਤ ਦੇ ਇਕਲਾਪੇ ਵਿਚ ਅਕਸਰ ਪਤਾ ਨਹੀਂ ਕਿਉਂ,
ਮਹਿਕ ਉਠਦੈ ਅਹਿਸਾਸ ਤਿਰਾ ਹੁਣ ਜ਼ਖ਼ਮਾਂ ਵਾਂਗੂ।
ਇਕ ਪਲ ਵੀ ਜੇ ਭੁੱਲ ਜਾਨਾ ਹਾਂ ਸ਼ਾਕਿਰ ਉਸਨੂੰ,
ਆ ਵੜਦੈ ਉਹ ਜ਼ਹਿਨ 'ਚ ਮੇਰੇ ਸ਼ੇ'ਰਾਂ ਵਾਂਗੂ।

✪

ਕੋਈ ਸ਼ਾਦਾਬ ਹੁੱਜਤ ਲੋਚਦਾ ਹਾਂ,
ਕੋਈ ਰੰਗੀਨ ਮੂਰਤ ਲੋਚਦਾ ਹਾਂ,
ਫ਼ਲਕ ਤੇ ਸੈਂਕੜੇ ਹੋਵਣਗੇ ਜੰਨਤ,
ਜ਼ਿਮੀਂ ਤੇ ਇਕ ਜੰਨਤ ਲੋਚਦਾ ਹਾਂ,
ਬਨਾਵਟ ਤੋਂ ਤਬੀਅਤ ਭਰ ਗਈ ਹੈ,
ਕੋਈ ਸੱਚੀ ਮੁੱਸਰਤ ਲੋਚਦਾ ਹਾਂ,
ਮਿਲੇ ਜਾਂ ਨਾ ਮਿਲੇ ਇਹ ਗੱਲ ਵੱਖਰੀ
ਮੁੱਹਬਤ ਹਾਂ ਮੁੱਹਬਤ ਲੋਚਦਾ ਹਾਂ,
ਖ਼ੁਦਾ ਇਸ ਵਾਸਤੈ ਮੈਥੋਂ ਹੈ ਗੁੱਸੇ
ਕਿ ਮੈਂ ਸਜਦੇ ਦੀ ਕੀਮਤ ਲੋਚਦਾ ਹਾਂ,
ਬਸ ਐਵੇ ਆ ਗਿਆ ਸਾਂ ਬੇਕਲੀ ਵਿਚ,
ਪਸ਼ੇਮਾਂ ਹਾਂ ਇਜ਼ਾਜ਼ਤ ਲੋਚਦਾ ਹਾਂ,
ਕਦੇ ਮੁਸ਼ਕਿਲ ਦਾ ਮਤਲਬ ਹੀ ਨਾ ਸਮਝਾਂ
ਬਸ ਏਨੀ ਹੀ ਸਹੂਲਤ ਲੋਚਦਾ ਹਾਂ,

✪

ਹੈ ਛੁਪਿਆ ਬੰਸਰੀ ਮੇਰੀ 'ਚ ਕਾਇਨਾਤ ਦਾ ਰਾਜ਼,
ਤਲਬ ਦੇ ਗ਼ਮ ਨੇ ਬਣਾਇਆ ਹੈ ਨਗ਼ਮਾ -ਗਰ ਮੈਨੂੰ।
ਮੈਂ ਆਫ਼ਤਾਬ ਹਾਂ ਐਪਰ ਹੈ ਇਹ ਵੀ ਡਰ ਮੈਨੂੰ,
ਨਿਗਲ ਨਾ ਜਾਵੇ ਕਿਤੇ ਰਾਤ ਦਾ ਸਫ਼ਰ ਮੈਨੂੰ।
ਮੈਂ ਕਾਇਨਾਤ ਦੀ ਪਹਿਨਾਈਆਂ 'ਚ ਡੁੱਬ ਗਿਆ,
ਪੁਕਾਰਦੀ ਹੀ ਰਹੀ ਤੇਰੀ ਰਹਿ ਗੁਜ਼ਰ ਮੈਨੂੰ ।
ਹੋਈ ਸਵੇਰ ਤਾਂ ਇਕ ਓਹੀ ਸ਼ਖ਼ਸ ਪੱਛਤਾਇਆ,
ਜੋ ਢੂੰਡਦਾ ਸੀ ਗਈ ਰਾਤ ਦਰ-ਬਦਰ ਮੈਨੂੰ।
ਫ਼ਲਕ ਦੀ ਚੀਕ ਉਤਰ ਆਈ ਹੈ ਮੇਰੇ ਕੰਨੀ,
ਹਵਾ ਦੇ ਸ਼ੋਰ ਤੋਂ ਲਗਦਾ ਪਿਆ ਹੈ ਡਰ ਮੈਨੂੰ।
ਮੈਂ ਅੰਨ੍ਹਾ ਹੋ ਗਿਆ ਸ਼ਾਕਿਰ ਹਵਾਸ ਵੀ ਨਾ ਰਹੇ,
ਉਹ ਸਾਹਮਣੇ ਸੀ ਜੋ ਆਉਂਦਾ ਨਾ ਸੀ ਨਜ਼ਰ ਮੈਨੂੰ।

✪

ਇਹ ਜੋ ਰੇਲਾ ਜਿਹਾ, ਹਰ ਤਰਫ਼ ਤੰਮਨਾਵਾਂ ਦਾ,
ਦਿਲ ਤੇ ਹੁੰਦਾ ਹੈ ਗੁਮਾਂ, ਸ਼ਹਿਰ ਹੈ ਦਰਿਆਵਾਂ ਦਾ।
ਐਂਤਕਾਂ, ਕਾਲੀ ਘਟਾ ਖੁੱਲ੍ਹ ਕੇ ਜੇ ਵਰਸੇ ਵੀ ਤਾਂ ਕੀ,
ਧੁੱਪ ਨੇ ਰੰਗ ਹੀ ਕਜਲਾ'ਤਾ ਸਹਿਰਾਵਾਂ ਦਾ।
ਤੂੰ ਵੀ ਇਕ ਵਾਰ ਮਿਰੀ ਰੂਹ ਦੇ ਆਇਨੇ ਵਿਚ,
ਝਾਕ ਕੇ ਵੇਖ ਤਕਦੁੱਸ ਹੈ ਕਲੀਸਾਵਾਂ ਦਾ ।
ਹਾਏ! ਕੁਰਬਾਨ ਮੈਂ ਇਸ ਸਾਦਾ-ਦਿਲੀ ਦੇ ਸ਼ਾਕਿਰ,
ਧੁੱਪ ਵਿਚ ਭਾਲਦਾ ਫਿਰਦਾ ਹਾਂ ਮਜ਼ਾ ਛਾਵਾਂ ਦਾਂ।

✪

ਬਦਨਾਮੀਆਂ ਦੇ ਜ਼ਖ਼ਮ ਜਬੀਂ ਤੇ ਵੀ ਆਉਣਗੇ,
ਜੇ ਚੁੱਕ ਲਿਆ ਹੈ ਜਾਮ ਤਾਂ ਪੱਥਰ ਵੀ ਆਉਣਗੇ।
ਜੇ ਟੱਪ ਸਕੇਂ ਤਾਂ ਦਰਦ ਦੇ ਦਰਿਆਵਾਂ 'ਚ ਛਾਲ ਮਾਰ,
ਰਾਹਾਂ, ਇਨ੍ਹਾਂ 'ਚ ਡੂੰਘੇ ਸਮੁੰਦਰ ਵੀ ਆਉਣਗੇ।
ਵੀਰਾਨ ਸ਼ੀਹਰ ਦੀ ਤਰ੍ਹਾਂ ਅੱਖਾਂ ਉਜਾੜ ਨੇ,
ਕੀ, ਇਸ ਗਰਾਂ ਦੇ ਲੋਕ ਪਰਤ ਕੇ ਵੀ ਆਉਣਗੇ।
ਜੇ ਹੁਣ ਵਗੀ ਸਿਤਮ ਦੀ ਹਵਾ, ਇਸ ਦਿਆਰ ਵਿੱਚ,
ਤੇਸ਼ੇ ਦੀ ਜ਼ਦ'ਚ ਤਾਜ਼ ਅਤੇ ਸਿਰ ਵੀ ਆਉਣਗੇ।
ਮਾਯੂਸ ਨਾ ਹੋ ਭਾਲ 'ਚ ਕਵਿਤਾ ਦੀ ਦੋਸਤਾ,
ਪੱਥਰਾਂ ਦੇ ਨਾਲ ਹੀਰੇ-ਜਵਾਹਰ ਵੀ ਆਉਣਗੇ।

✪

ਇਹ ਮਿੱਟੀ ਨਾਲ ਅਟੀ ਦੁਨੀਆਂ ਨਹੀਂ ਹੈ ਰਹਿ-ਗੁਜ਼ਰ ਮੇਰੀ,
ਮਿਰਾ ਰਸਤਾ ਫ਼ਿਜਾ ਵਿੱਚ ਹੈ ਹਵਾ ਹੈ ਹਮ-ਸਫ਼ਰ ਮੇਰੀ ।
ਪਤੈ,ਨਿਕਲਣਗੀਆਂ ਕਿੱਥੇ ਵਲੇਵੇਂ ਖਾਦੀਆਂ ਗਲੀਆਂ,
ਹੋਊ ਨਾ ਜਿਸ ਨੂੰ ਫ਼ੁਰਸਤ ਖ਼ੁਦ ਤੋਂ ਓਹ ਪਾਊ ਖ਼ਬਰ ਮੇਰੀ।

ਐ ਮਰੀਅਮ ਮੋਮ ਦੀਏ ਤੈਨੂੰ ਮੈਂ ਪਿਘਲਾ ਕੇ ਛੱਡਾਂਗਾ,
ਨਾ ਹੰਝੂ ਬੇਅਸਰ ਮੇਰੇ ਨਾਂ ਆਹ ਹੈ ਬੇ-ਅਸਰ ਮੇਰੀ।
ਮੈਂ ਸੁਣਿਐ ਅੱਜ ਤਕ ਪਹਿਰੇ ਨੇ ਓਸ ਦੇ ਹਰ ਮੁਨਾਰੇ'ਤੇ,
ਰਹੀ ਸੀ ਤਖ਼ਤ ਤੇ ਜਿਸਦੇ ਹਕੂਮਤ ਰਾਤ ਭਰ ਮੇਰੀ ।

ਹਜ਼ਾਰਾਂ ਚਮਨ ਮੈਂ ਅਪਣਾ ਲਹੂ ਟਪਕਾ ਕੇ ਸਿੰਜੇ ਨੇ,
ਨਾ ਟਾਹਣੀ ਪੁਰ-ਸਮਰ ਮੇਰੀ ਨਾ ਟਾਹਣੀ ਬੇ-ਸਮਰ ਮੇਰੀ।
ਨਹੀਂ ਗੈਰਾਂ ਤੋਂ ਕੁਝ ਮਤਲਬ ਕਿ ਸ਼ਾਕਿਰ ਅਪਣਾ ਮਕ਼ਸਦ ਹੈ,
ਅਦਾ ਜਿਸ ਸ਼ਾਇਰੀ ਵਿਚ ਉਸਦੀ ਹੋਵੇ-ਨਜ਼ਰ ਮੇਰੀ।

✪

ਪਤਾ ਨੀਂ ਸਾਮ੍ਹਣੇ ਕੌਣ ਆ ਗਿਆ ਸੀ,
ਨਜ਼ਰ ਤੋਂ ਉਠ ਇਕ ਪਰਦਾ ਗਿਆ ਸੀ।

ਉਹ ਕਿਹੜਾ ਆਸ਼ਿਕੀ ਵਾਲਾ ਪੜਾਅ ਸੀ,
ਬਸ ਉਥੇ ਇਕ ਬੰਦਾ ਇਕ ਖ਼ੁਦਾ ਸੀ ।

ਉਹਦੇ ਹੋਠਾਂ ਤੇ ਕਿਉਂ ਮੁਸਕਾਨ ਆਈ,
ਜੋ ਮੇਰੇ ਦਰਦ ਤੋਂ ਨਾ-ਆਸ਼ਨਾ ਸੀ।

ਦਿਵਾਨੇ ਕਿਥੇ ਜਾ ਪਹੁੰਚੇ ਭਟਕ ਕੇ,
ਤਿਰੇ ਘਰ ਦਾ ਤਾਂ ਰਾਹ ਸਿੱਧਾ ਜਿਹਾ ਸੀ।

ਪਤਾ ਨੀਂ ਓਪਰਾ ਕਿਉਂ ਬਣ ਗਿਆ ਹੁਣ,
ਜੋ ਮੇਰੇ ਘਰ ਸਦਾ ਆਇਆ ਗਿਆ ਸੀ।

ਮਿਰੇ ਗ਼ਮ ਦੀ ਕਹਾਣੀ ਕੌਣ ਸੁਣਦਾ,
ਜ਼ਮਾਨਾ ਉਸ ਦੀ ਬਕ-ਬਕ ਤੇ ਫਿਦਾ ਸੀ।

✪

ਅਜੇ ਨਿਕਲੋ ਘਰੋਂ ਨਾ ਤੰਗ ਆ ਕੇ,
ਅਜੇ ਚੰਗੇ ਨਹੀਂ ਤੇਵਰ ਹਵਾ ਦੇ।
ਮੈਂ ਅਸਮਾਨੋਂ ਸੀ ਤੁਰਿਆ ਉਸ ਵਾਂਗੂ,
ਜ਼ਮੀਂ ਨੇ ਰੱਖ ਤਾਂ ਪੱਥਰ ਬਣਾ ਕੇ।
ਮਿਰੇ ਜ਼ਖ਼ਮੀ ਲਬਾਂ ਤੇ ਕੁਛ ਨਹੀਂ ਹੈ,
ਸਿਵਾਏ ਇਕੋ ਲਫ਼ਜ਼ੇ ਬੇਨਵਾ ਦੇ।
ਅਸਾਡੀ ਖ਼ਾਮੋਸ਼ੀ ਨੇ ਲਾਜ ਰੱਖ ਲੀ,
ਨਹੀਂ ਤਾਂ ਹੱਥ ਕੱਟ ਜਾਂਦੇ ਦੁਆ ਦੇ।
ਬਦਨ ਖ਼ੁਸ਼ਬੂ ਦਾ ਡਰਦਾ ਕੰਬਦਾ ਜਾਵੇ,
ਹਵਾ ਨੂੰ ਰਾਜ਼ੇ-ਦਿਲ ਅਪਣਾ ਸੁਣਾ ਕੇ।
ਸਿਰਾਂ ਦੇ ਦੀਵੇ ਜਗਦੇ ਨੇਜ਼ਿਆਂ ਤੇ,
ਕਿਵੇਂ ਦੇਖਾਂ ਮੈਂ ਮਨਜ਼ਰ ਕਰਬਲਾ ਦੇ।

✪

ਖ਼ਤਮ ਮੇਰੇ ਤੇ ਇਹ ਮਨਜ਼ਰ ਆਖ਼ਿਰੀ,
ਵਾਰ ਤੇਰਾ ਹੈ ਸਿਤਮ-ਗਰ ਆਖ਼ਿਰੀ।
ਸ਼ਹਿਰ ਅਪਣਾ ਵੀ ਨਾ ਕਰ ਸਕਿਆ ਪਛਾਣ,
ਵੇਖ ਕੇ ਮੁੜਿਆ ਹਾਂ ਮੈਂ ਘਰ ਆਖ਼ਿਰੀ।
ਆਬਰੂ ਮੁਰਦੇ ਦੀ ਜਿਸ ਥੀਂ ਰਹਿ ਗਈ,
ਘਰ ਦੀ ਸੀ ਉਸ 'ਤੇ ਉਹ ਚਦਰ ਆਖ਼ਿਰੀ।
ਮੁੱਢ ਰਾਹਾਂ ਦਾ ਫਿਰ ਉਸ ਤੋਂ ਬੱਝਿਆ,
ਮੈਂ ਸਮਝਦਾ ਸਾਂ ਜਿਹਨੂੰ ਘਰ ਆਖ਼ਿਰੀ।
ਕਰ ਚੁੱਕੇ ਨੇ ਯਾਰ ਆਪਣਾ ਹੱਕ ਅਦਾ,
ਤੂੰ ਵੀ ਸੁੱਟ ਮੇਰੇ ਤੇ ਪੱਥਰ ਆਖ਼ਿਰੀ।
ਪਿਆਸ ਦੀ ਇਸ ਅੱਗ ਨੂੰ ਹੁਣ ਕੀ ਕਰਾਂ,
ਡੀਕ ਚੁੱਕਿਆ ਮੈਂ ਸਮੁੰਦਰ ਆਖ਼ਿਰੀ।
ਮਯ- ਕਦੇ ਤੋਂ ਰਿੰਦ ਉਠੀ ਜਾ ਰਹੇ,
ਸਾਕੀਆ ਇਕ ਹੋਰ ਸਾਗਰ ਆਖ਼ਿਰੀ।

✪

ਅਕਲ ਤੇ ਦਿਲ ਮਿਲਾ-ਜੁਲਾ ਰੱਖੀਏ,
ਜ਼ਾਬਤੇ ਵਿਚ ਵੀ ਰਾਬਤਾ ਰੱਖੀਏ,
ਓਪਰਾ ਸ਼ਹਿਰ ਓਪਰੇ ਵਾਸੀ ਸਾਥੀ,
ਦਿਲ ਵੀ ਸੀਨੇ 'ਚ ਦੂਸਰਾ ਰੱਖੀਏ,
ਬੰਦ ਕਰ ਛੱਡੀਏ ਬੂਹੇ ਨੈਣਾਂ ਦੇ,
ਜ਼ਿਹਨ ਅਪਣਾ ਮਗਰ ਖੁੱਲ੍ਹਾ ਰੱਖੀਏ,
ਜੀਣ ਦੀ ਆਰਜ਼ੂ ਅਜੇ ਹੈ ਅਗਰ,
ਜਾਨ ਵਾਰਣ ਦਾ ਹੌਸਲਾ ਰੱਖੀਏ,
ਦਿਨ ਸਦਾ ਇਕੋ ਜਿਹੇ ਨਹੀਂ ਰਹਿੰਦੇ,
ਰਾਤ ਪੈਣੀ ਹੈ ਕੁਝ ਬਚਾ ਰੱਖੀਏ,
ਦੁਸ਼ਮਣਾ ਦਾ ਹਿਸਾਬ ਹੈ ਦਿਲ ਵਿਚ,
ਦੋਸਤਾਂ ਦਾ ਹਿਸਾਬ ਕੀ ਰੱਖੀਏ,
ਜੋ ਨਾ ਸਾਡੇ ਬਣੇ ਤੇ ਨਾ ਆਪਣੇ,
ਐਸੇ ਲੋਕਾਂ ਨੂੰ ਯਾਦ ਕੀ ਰੱਖੀਏ,

✪

ਉਹ ਜਿਸ ਦਾ ਰੰਗ ਸਲੋਨਾ ਹੈ ਬੱਦਲਾਂ ਦੀ ਤਰ੍ਹਾਂ,
ਪਿਆ ਸੀ ਮੇਰੀਆਂ ਨਜ਼ਰਾਂ ਤੇ ਬਿਜਲੀਆਂ ਦੀ ਤਰ੍ਹਾਂ।
ਜਦੋਂ ਉਹ ਸਾਮ੍ਹਣੇ ਹੋਵੇ ਤਾਂ ਅੱਖ ਵੀ ਨਾ ਮਿਲੇ,
ਜੋ ਮੇਰੀਆਂ ਅੱਖੀਆਂ 'ਚ ਵਸਦਾ ਹੈ ਜਾਗਿਆਂ ਦੀ ਤਰ੍ਹਾਂ।
ਤੂੰ ਕਿੱਥੇ ਹੈਂ ਕਿ ਤੇਰੀ ਯਾਦ ਦੇ ਨਗੀਨਿਆਂ ਨੂੰ,
ਪਲਕ ਪਲਕ ਮੈਂ ਪਰੋਂਦਾ ਹਾਂ ਮੋਤੀਆਂ ਦੀ ਤਰ੍ਹਾਂ।
ਉਹ ਨ੍ਹੇਰੀਆਂ ਨੇ ਕਿ ਦਿਲ ਉਤੋਂ ਤੇਰੀਆਂ ਯਾਦਾਂ ਦੇ,
ਨਕੂਸ਼ ਮਿਟ ਗਏ-ਸਹਿਰਾ ਦੇ ਰਸਤਿਆਂ ਦੀ ਤਰ੍ਹਾਂ।
ਮਿਰੀ ਨਜ਼ਰ ਦਾ ਤਾਂ ਅੰਦਾਜ਼ ਹੋਰ ਹੈ ਵਰਨਾ,
ਮੈਂ ਤੇਰੀ ਬਜ਼ਮ 'ਚ ਹਾਂ ਖ਼ੁਦ ਵੀ ਦੂਜਿਆਂ ਦੀ ਤਰ੍ਹਾਂ।
ਪਤਾ ਨਹੀਂ ਹੈ ਕੈਸੇ ਸਫ਼ਰ ਦੀ ਹੈ ਆਰਜ਼ੂ ਦਿਲ ਵਿਚ,
ਮੈਂ ਅਪਣੇ ਘਰ 'ਚ ਪਿਆ ਹਾਂ ਮੁਸਾਫ਼ਿਰਾਂ ਦੀ ਤਰ੍ਹਾਂ।

✪

ਕਿਸ਼ਤੀ ਹਵਿਸ ਦੀ ਹਵਾ ਦੇ ਰੁੱਖ ਤੇ ਉਤਾਰ ਦੇ,
ਗੁੰਮ ਹੋ ਗਿਆ ਨੂੰ ਮਿਲ ਇਹ ਦਲਿਦਰ ਉਤਾਰ ਦੇ,
ਇਹ ਬੇ-ਮੁਹਾਰ ਉਡਾਣ ਹੈ ਸ਼ੋਖੀ ਸ਼ਬਾਬ ਦੀ,
ਉਸ ਛੱਤ ਤੇ ਅੱਜ ਕੋਈ ਕਬੂਤਰ ਉਤਾਰ ਦੇ,
ਲਿਸ਼ਕੋਰ ਤੋਂ ਉਸੇ ਦੀ ਇਹ ਚਮਕੇ ਦਿਲਾਂ ਦੀ ਰੇਤ,
ਇਹ ਤੇਗ਼ ਮੇਰੇ ਸੀਨੇ ਦੇ ਅੰਦਰ ਉਤਾਰ ਦੇ,
ਚਿਹਰੇ ਤੋਂ ਝਾੜ ਪਿਛਲੇ ਵਰ੍ਹੇ ਦੇ ਗ਼ਮਾਂ ਦੀ ਧੂੜ,
ਦੀਵਾਰ ਤੋਂ ਪੁਰਾਣਾ ਕਲੰਡਰ ਉਤਾਰ ਦੇ,
ਇਹ ਗੱਲ ਜ਼ਰਫ਼ ਦੀ ਨਹੀਂ ਜ਼ਰਫ਼ੋਂ ਵੀ ਹੈ ਪਰੇ,
ਚਾਹੇਂ ਤਾਂ ਇਸ ਖੂਹ 'ਚ ਸਮੁੰਦਰ ਉਤਾਰ ਦੇ,
ਲੋਕਾਂ ਦੇ ਨਾਲ ਮੇਰੀ ਲੜਾਈ ਹੈ ਅੱਜ-ਕੱਲ੍ਹ,
ਬਿਹਤਰ ਹੈ ਮੈਨੂੰ ਸ਼ਹਿਰ ਤੋਂ ਬਾਹਰ ਉਤਾਰ ਦੇ।

✪

ਸੋਜ਼ ਹੈ ਦਿਲ ਦੇ ਆਸ ਪਾਸ ਬਹੁਤ,
ਕਿਉਂ ਨਾ ਹਰ ਸੋਚ ਹੋ ਉਦਾਸ ਬਹੁਤ।
ਤੁਸੀਂ ਵਸਦੇ ਹੋ ਦੂਰ ਦੂਰ ਮਗਰ,
ਹਦ 'ਚ ਅਹਿਸਾਸ ਦੀ ਹੋ ਪਾਸ ਬਹੁਤ।
ਖ਼ੁਸ਼ਕ ਜ਼ਰੂਰੇ ਤਾਂ ਜ਼ਬਤ ਕਰਦੇ ਨੇ,
ਪਰ ਹੈ ਦਰਿਆਵਾਂ ਨੂੰ ਤਾਂ ਪਿਆਸ ਬਹੁਤ।
ਪਹਿਲੋਂ ਇਨਸਾਨ ਉਦਾਸ ਹੁੰਦਾ ਸੀ,
ਹੁਣ ਹੈ ਇਨਸਾਨੀਅਤ ਉਦਾਸ ਬਹੁਤ।
ਕਿੰਨਾ ਕੌੜੈ ਮਿਜਾਜ਼ ਦੁਨੀਆਂ ਦਾ,
ਫਿਰ ਵੀ ਸੂਰਤ ਤੇ ਹੈ ਮਿਠਾਸ ਬਹੁਤ।
ਇਕ ਵਿਛੋੜੇ 'ਚ ਤੇਰੇ ਕੀ ਹੋਇਆ,
ਬਸ ਸ਼ਿਥਿਲ ਹੋ ਗਏ ਹਵਾਸ ਬਹੁਤ।
ਕਿੰਨਾ ਵਧੀਆ ਅਖਾਣ ਸੀ ਸ਼ਾਕਿਰ,
ਆਈ ਮਹਿਰੂਮੀ ਮੈਨੂੰ ਰਾਸ ਬਹੁਤ।

✪

ਬੁਤ ਨਹੀਂ ਹੈ, ਬੀਤੇ ਲਮਹਿਆਂ ਦਾ ਸਫ਼ਰ ਪੱਥਰ 'ਚ ਹੈ,
ਉਹ ਵੀ ਮਨਜ਼ਰ ਬਣ ਗਿਆ ਹੈ ਜੋ ਕਿ ਪਸੇ-ਮਨਜ਼ਰ 'ਚ ਹੈ।
ਸੱਚ ਤਾਂ ਇਹ ਹੈ ਜਿੰਦਗੀ ਭਰ ਰਿਹਾ ਉਹ ਦੂਰ ਦੂਰ,
ਗੁੰਮ ਗਿਆ ਤਾਂ ਹੁਣ ਨਜ਼ਰ ਆਉਂਦਾ ਕਿ ਸਾਰੇ ਘਰ 'ਚ ਹੈ।
ਟੁੱਟ ਨਾ ਜਾਵਣ ਛਨਣ ਕਰਕੇ ਨਰਮ ਸ਼ੀਸ਼ੇ ਦੇ ਬਦਨ,
ਹੱਟੀਆਂ ਦੀ ਸਾਰੀ ਰੌਣਕ ਹੱਥ ਦੇ ਪੱਥਰ 'ਚ ਹੈ ।
ਕੀਤਾ ਇਕ ਮਨਸਬ ਨੇ ਹੈ ਬੇ-ਦਖ਼ਲ ਕੁਲ ਜਾਗੀਰ ਤੋਂ,
ਹੁਣ ਕਿਰਾਏਦਾਰ, ਮਾਲਿਕ ਬਣ ਕੇ ਮੇਰੇ ਘਰ 'ਚ ਹੈ।
ਗੱਲਾਂ ਵੀ ਕਰਦੈ ਤੇ ਦਿੰਦਾ ਵੀ ਗੱਲਾਂ ਦਾ ਜਵਾਬ,
ਆਦਮੀ ਵਰਗਾ ਕੋਈ ਮੌਜੂਦ ਮੇਰੇ ਘਰ 'ਚ ਹੈ।
ਹੌਲੀ ਹੌਲੀ ਹੋ ਗਿਆ ਹੈ ਜ਼ਿਹਨ ਤੇ ਮੇਰੇ ਸਵਾਰ,
ਮੇਰਾ ਦੁਸ਼ਮਣ ਹੈ ਮਗਰ ਤਸਵੀਰ ਦੇ ਪੈਕਰ 'ਚ ਹੈ।

✪

ਮੈਨੂੰ ਉਹ ਮਿਲਦਾ ਨਹੀਂ ਸੀ ਮੈਂ ਉਹਨੂੰ ਮਿਲਦਾ ਰਿਹਾ,
ਇਸ਼ਕ ਦਾ ਇਹ ਸਿਲਸਿਲਾ ਤਾਂ ਬੜਾ ਚਿਰ ਚਲਦਾ ਰਿਹਾ।
ਉਹ ਕਹਾਣੀ ਫੇਰ ਕਿਸੇ ਕਾਰਨ ਅਧੂਰੀ ਰਹਿ ਗਈ,
ਜਿਸ ਦਾ ਮੇਰੇ ਜ਼ਿਹਨ ਵਿਚ ਰਾਤ ਭਰ ਖ਼ਾਕਾ ਰਿਹਾ।
ਤਾਂ ਵੀ ਉਸਦੇ ਜ਼ਿਹਨ ਦੇ ਨ੍ਹੇਰੇ ਨਾ ਰੌਸ਼ਨ ਹੋ ਸਕੇ,
ਦਿਲ ਦਾ ਦੀਵਾ ਜਿਸਦੀ ਖ਼ਾਤਿਰ ਰਾਤ ਭਰ ਜਲਦਾ ਰਿਹਾ।
ਮੈਨੂੰ ਜਦ ਐਨਾ ਪਤਾ ਸੀ ਫਾਇਦਾ ਕੁਝ ਵੀ ਨਹੀਂ,
ਮੈਂ ਕਿਸੇ ਆਵਾਜ਼ 'ਤੇ ਕਿਉਂ ਦੂਰ ਤੱਕ ਚਲਦਾ ਰਿਹਾ।
ਇਕ ਹਕੀਕਤ ਸੀ ਜੋ ਮੇਰੇ ਜ਼ਿਹਨ ਤੇ ਛਾਈ ਰਹੀ,
ਇਕ ਅੰਦੇਸ਼ਾ ਸੀ ਜੋ ਮੇਰੇ ਜ਼ਿਹਨ ਵਿਚ ਪਲਦਾ ਰਿਹਾ।
ਬਚਪਨੇ ਤੇਰੇ ਦੀ ਇਕ ਇਕ ਅਦਾ ਤੋਂ ਵਾਕਿਫ਼ ਹੈ ਉਹ,
ਪੇੜ- ਜਿਸਦਾ ਸਿਰ 'ਤੇ ਤੇਰੇ ਉਮਰ ਭਰ ਸਾਯਾ ਰਿਹਾ।

✪

ਅਪਣਾ ਨਹੀਂ ਸੀ ਐਪਰ ਅਪਣਾ ਲਗਦਾ ਸੀ,
ਉਸ ਦਾ ਚਿਹਰਾ ਜਾਣਿਆ- ਮਾਣਿਆ ਲਗਦਾ ਸੀ।
ਦਿਲ ਜਿੱਦੀ ਅੱਗੇ ਸਭ ਹੁੱਜਤਾਂ ਹਾਰ ਗਈਆਂ,
ਔਖਾ ਸਾਨੂੰ ਪਰਤ ਕੇ ਆਉਣਾ ਲਗਦਾ ਸੀ।
ਯਾਦ ਨਹੀਂ ਕਿਸ ਮੋੜ ਤੇ ਸਾਥੋਂ ਭੁੱਲ ਹੋਈ,
ਰਸਤਾ ਤਾਂ ਜਾਣਿਆ-ਪਛਾਣਿਆਂ ਲਗਦਾ ਸੀ।
ਜ਼ਹਿਰ ਪਿਆਲਾ ਜਾਂ ਕੰਡਿਆ ਦਾ ਤਾਜ਼ ਕਹੋ,
ਲੱਖ ਬੁਰਾ ਸੀ ਫਿਰ ਵੀ ਆਪਣਾ ਲਗਦਾ ਸੀ।
ਸੁਬ੍ਹਾ ਤੁਰੇ ਸੀ ਅੱਧੇ ਰਸਤੇ ਸ਼ਾਮ ਹੋਈ,
ਜੰਗਲ ਸੱਧਰਾਂ ਦਾ ਬਸ ਛਾਲਾ ਲਗਦਾ ਸੀ।

✪

ਸਿਰਾਂ 'ਤੇ ਸਾਇਬਾਂ ਹੁੰਦੇ ਹੋਏ ਵੀ,
ਡਰੇ ਹੋਏ ਹਾਂ ਮਕਾਂ ਹੁੰਦੇ ਹੋਏ ਵੀ।
ਪਤਾ ਨਹੀਂ ਰਾਤ ਭਰ ਬੇਚੈਨ ਸਨ ਕਿਉਂ
ਪਰਿੰਦੇ ਆਲ੍ਹਣਾ ਹੁੰਦੇ ਹੋਏ ਵੀ।
ਜਮਾਨਤ ਜਿੰਦਗੀ ਦੀ ਕਿਸ ਤੋਂ ਲੈਦੇ,
ਅਸਾਂ ਕਦ ਸੀ 'ਅਸਾਂ' ਹੁੰਦੇ ਹੋਏ ਵੀ।
ਕਿਤੇ ਤਾਂ ਸਾਥੋਂ ਹੋਈ ਹੈ ਕੋਤਾਹੀ,
ਭਟਕਦੇ ਹਾਂ ਨਿਸ਼ਾਂ ਹੁੰਦੇ ਹੋਏ ਵੀ।
ਅਸਾਡੇ ਕੋਲ ਮਿੱਟੀ ਹੈ ਨਾ ਤਾਰੇ,
ਜ਼ਿਮੀਂ ਤੇ ਆਸਮਾਂ ਹੁੰਦੇ ਹੋਏ ਵੀ।
ਜ਼ਮੀਂ ਤਾਰੀਕ ਹੁੰਦੀ ਜਾ ਰਹੀ ਹੈ,
ਫ਼ਲਕ ਤੇ ਕਹਿਕਸ਼ਾਂ ਹੁੰਦੇ ਹੋਏ ਵੀ।

✪

ਅੱਖੀਆਂ ਰਾਤ ਦੀਆਂ ਨੇ ਬੋਝਲ ਖ਼ਾਬ ਕਦੋਂ ਤੱਕ ਜਾਗਣਗੇ,
ਸੁੱਤੇ ਸ਼ਹਿਰ ਟਿਕਾਣੇ ਜੰਗਲ ਖ਼ਾਬ ਕਦੋਂ ਤੱਕ ਜਾਗਣਗੇ।
ਇਕ ਇਕ ਕਰਕੇ ਸਾਰੇ ਜੁਗਨੂੰ ਦੀਪ ਪਤੰਗੇ ਰਾਖ਼ ਹੋਏ,
ਰਾਤ ਦੀ ਰਾਣੀ ਖ਼ੁਸਬੂ ਸੰਦਲ ਖ਼ਾਬ ਕਦੋਂ ਤੱਕ ਜਾਗਣਗੇ।
ਧੁੱਪ ਨੇ ਸਾਰੇ ਰੰਗ ਮਿਟਾ ਕੇ ਪੀਲੀ ਸੇਜ ਵਿਛਾਈ ਹੈ,
ਇਸ ਮਾਹੌਲ 'ਚ ਸੁੰਦਰ ਕੋਮਲ ਖ਼ਾਬ ਕਦੋਂ ਤੱਕ ਜਾਗਣਗੇ।
ਵਰ੍ਹਿਆਂ ਦੇ ਇਕਲਾਪੇ ਵਿਚ ਤਾਂ ਯਾਦਾਂ ਵੀ ਥੱਕ ਜਾਦੀਆਂ ਨੇ,
ਖੇਤ, ਕਿਤਾਬਾਂ, ਗਲੀਆਂ, ਪਿੱਪਲ ਖ਼ਾਬ ਕਦੋਂ ਤੱਕ ਜਾਗਣਗੇ।
ਇਕ ਦਿਨ ਆਪਾਂ ਦੋਵੇ ਵੀ ਡੂੰਘੀ ਨੀਂਦਰ ਵਿਚ ਉਤਰਾਂਗੇ,
ਅਤੇ ਅਸਾਡੇ ਨਾਲ ਇਹ ਨਿਹਫ਼ਲ ਖ਼ਾਬ ਕਦੋਂ ਤੱਕ ਜਾਗਣਗੇ।
ਉਮਰਾਂ ਦੇ ਜਗਰਾਤੇ ਸ਼ਾਕਿਰ ਕਦ ਬਣ ਜਾਣੇ ਨੇ ਅੱਥਰੂ,
ਕਦ ਪਿਘਲੇਗਾ ਦੁੱਖ ਦਾ ਪਿੱਤਲ ਖ਼ਾਬ ਕਦੋਂ ਤੱਕ ਜਾਗਣਗੇ।

✪

ਬਚਪਨ ਦੀ ਦੋਸਤੀ ਦੇ ਜ਼ਮਾਨੇ ਕਿੱਥੇ ਗਏ,
ਉਹ ਲੋਰੀਆਂ ਉਹ ਗੀਤ ਉਹ ਗਾਣੇ ਕਿੱਥੇ ਗਏ।
ਰੰਗੀਨ ਤਿਤਲੀਆਂ ਦੇ ਤਆਕਬ 'ਚ ਦੌੜਨਾ,
ਉਹ ਖ਼ੂਾਹਸ਼ਾਂ ਦੇ ਰੂਪ ਸੁਹਾਣੇ ਕਿੱਥੇ ਗਏ।
ਹੁਣ ਮੈਂ ਹਾਂ ਨਾਲ ਜਾਗਦੇ ਲਮਹਿਆਂ ਦੀ ਹੈ ਤੜਪ,
ਜਾਣੇ ਮੇਰੇ ਉਹ ਖ਼ਾਬ ਖ਼ਜ਼ਾਨੇ ਕਿੱਥੇ ਗਏ।
ਜਿਨ੍ਹਾਂ ਮੁਹੱਬਤਾਂ 'ਚ ਬਲਾ ਦੀ ਮਿਠਾਸ ਸੀ,
ਉਹ ਪੁਰ-ਖ਼ੁਲੂਸ, ਲੋਕ ਪੁਰਾਣੇ ਕਿੱਥੇ ਗਏ।
ਇਕ ਦੂਸਰੇ ਦਾ ਦਰਦ ਵੰਡਾਵਣ ਜੋ ਮਹਿਫ਼ਲਾਂ,
ਮਿਲ ਬਹਿਣ ਦੇ ਉਹ ਪਿਆਰੇ ਬਹਾਨੇ ਕਿੱਥੇ ਗਏ।
ਬਚਪਨ 'ਚ ਖੇਡਿਆਂ ਹਾਂ ਜਿਨ੍ਹਾਂ ਦੋਸਤਾਂ ਦੇ ਨਾਲ,
ਸ਼ਾਕਿਰ ਉਹ ਮੇਰੇ ਦੋਸਤ ਪੁਰਾਣੇ ਕਿੱਥੇ ਗਏ।

✪

ਇਹ ਹਕੀਕਤ ਹੈ ਯਾ ਕਿ ਧੋਖਾ ਹੈ,
ਖ਼ਾਬ ਤੋਂ ਵੀ ਹਸੀਨ ਦੁਨੀਆ ਹੈ।
ਜਾਂ ਮਿਰਾ ਏਤਬਾਰ ਟੁੱਟਿਆ ਹੈ,
ਜਾਂ ਤਿਰਾ ਇੰਤਜਾਰ ਝੂਠਾ ਹੈ।
ਮੇਰੇ ਤਾਂ ਸਾਰੇ ਸਾਹ ਵੀ ਨਹੀਂ ਐਨੇ,
ਯਾਦ ਉਹ ਜਿੰਨੀ ਵੇਰ ਆਇਆ ਹੈ।
ਤੇਰੇ ਦਮ ਨਾਲ ਹੀ ਚਮਨ ਵਸਦੈ,
ਵਰਨਾ ਦੁਨੀਆ ਤਾਂ ਸਾਰੀ ਸਹਿਰਾ ਹੈ।
ਕੱਟ ਗਈ ਉਮਰ ਵੇਖਦੇ ਸੁਫ਼ਨੇ,
ਨਹੀਂ ਮਾਲੂਮ ਕੀ ਰਤ-ਜਗਾ ਹੈ।
ਕਿਸ ਤਰ੍ਹਾਂ ਤੂੰ ਬਦਲ ਗਿਆ ਸੱਜਣਾਂ,
ਇਹ ਵਤੀਰਾ ਤਾਂ ਮੌਸਮਾਂ ਦਾ ਹੈ।
ਹੈ ਉਹਦੇ ਇਰਦ ਗਿਰਦ ਮੇਰੀ ਗ਼ਜ਼ਲ਼,
ਜੋ ਖ਼ਾਮੋਸ਼ੀ ਨੂੰ ਮੇਰੀ ਸੁਣਦਾ ਹੈ।

✪

ਤੂੰ ਮੇਰੇ ਅੱਖ ਦੇ ਬੇ-ਰੰਗ ਮੰਜ਼ਰਾਂ 'ਤੇ ਨਾ ਜਾ,
ਮੈਂ ਤਜ਼ਕਰਾ ਹਾਂ ਨਵੇਂ ਮੌਸਮਾਂ ਦੀ ਖ਼ੁਸ਼ਬੂ ਦਾ।
ਅਜੇ ਹੈ ਰਾਤ ਦੇ ਨ੍ਹੇਰੇ 'ਚ ਕੈਦ ਮੇਰਾ ਵਜ਼ੂਦ,
ਨਾ ਕੋਈ ਵਾਰ ਸੁਣਾ ਨਾ ਹੀ ਅਮਨ-ਗੀਤ ਸੁਣਾ।
ਗੁਲਬ ਬਣ ਕੇ ਮਿਰੇ ਬਿਆਬਾਨੀ ਸ਼ਹਿਰ 'ਚ ਆ,
ਹੈ ਖੁੱਲ੍ਹਾ ਹੋਇਆ ਦਰੀਚਾ ਮਿਰੇ ਤਖ਼ੱਬਲ ਦਾ।
ਕੁੱਝ ਹੋਰ ਦਿਨ ਅਜੇ ਹਿਜਰਤ ਦੀ ਤੜਪ ਜਰਨੀ ਹੈ,
ਮਿਜਾਜ਼ ਹਿਰਣਾਂ ਤੇ ਸ਼ੀਹਾਂ ਦਾ ਹੈ ਅਜੇ ਵਖ਼ਰਾ ।
ਹੋਈ ਸਵੇਰ ਤਾਂ ਤੱਕਿਆ ਅਜ਼ੀਬ ਇਕ ਮੰਜ਼ਰ,
ਕਿ ਸਾਡੇ ਸ਼ਹਿਰ ਦਾ ਸੂਰਜ ਹੈ ਸਾਡੇ ਤੋਂ ਰੁਸਿਆ ।

✪

ਕੈਸਾ ਕੈਸਾ ਵਕਤ ਬਿਤਾਇਆ ਕੈਸੇ ਕੈਸੇ ਲੋਕਾਂ ਵਿਚ,
ਕਿਹੜੇ ਰਾਹਾਂ ਤੇ ਚਲਦੇ ਚਲਦੇ ਪਹੁੰਚੇ ਇਨ੍ਹਾਂ ਹਾਲਾਂ ਵਿਚ।
ਮਾਜ਼ੀ ਦੇ ਸੁੰਨਸਾਨ ਮਕਾਨ'ਚ ਯਾਰਾਂ ਨੂੰ ਆਵਾਜ਼ ਨਾ ਦੇ,
ਆਪਣੀ ਹੀ ਆਵਾਜ਼ ਪਲਟ ਕੇ ਆ ਜਾਵੇਗੀ ਕੰਨਾਂ ਵਿਚ ।
ਗੁੰਮ ਹੋਇਆ ਨੂੰ ਢੂੰਡ ਰਿਹਾ ਹਾਂ ਐਪਰ ਐਂਦਾ ਲੱਗਦਾ ਹੈ,
ਚਲਦੇ ਚਲਦੇ ਡਿਗ ਪਵਾਂਗਾ ਇਕ ਦਿਨ ਅਪਣੀਆਂ ਬਾਂਹਾਂ ਵਿਚ ।
ਵਸ ਹੋਵੇ ਤਾਂ ਇਨ੍ਹਾਂ ਨੂੰ ਚੁੱਕ ਕੇ ਭਰ ਲਾਂ ਖ਼ਾਲੀ ਝੋਲੀ ਵਿਚ,
ਪੈਰ ਪੈਰ ਤੇ ਬਿਖਰੇ ਹੋਏ ਨੇ ਬੀਤੇ ਲਮਹੇ ਰਾਹਾਂ ਵਿਚ ।
ਵੀਰਾਨੀ ਚੰਗੀ ਲਗਦੀ ਹੈ ਆਬਾਦੀ ਤੋਂ ਡਰਦਾ ਹਾਂ,
ਸਹਿਰਾ ਜਾਣ ਕੇ ਘੁੰਮ ਰਿਹਾਂ ਹਾਂ ਗਲੀਆਂ ਤੇ ਬਾਜ਼ਾਰਾਂ ਵਿਚ।

✪

ਇਕ ਨੰਗੇ ਦਰਖ਼ਤ ਦੇ ਹੇਠਾਂ,
ਮੈਂ ਸਾਂ ਜਾਂ ਪੁਰਵਾਈ ਸੀ ।
ਰੌਸ਼ਨੀਆਂ ਦੇ ਜਾਲ ਤੋਂ ਬਾਹਰ,
ਕਿਰਨ ਕੋਈ ਲਹਿਰਾਈ ਸੀ।
ਨਦੀ ਧਿਆਨ ਦੀ ਵਗਦੇ ਵਗਦੇ,
ਇਕ ਵਾਰੀ ਥੱਰ੍ਹਾਈ ਸੀ।
ਮੇਰੇ ਉਤੇ ਜਾਲ ਤਨਣ ਨੂੰ,
ਫਿਰ ਕੋਈ ਬਦਲੀ ਛਾਈ ਸੀ।
ਮੈ ਅਪਣੇ ਤਨਹਾ ਘਰ ਨੂੰ,
ਅੱਧੀ ਗੱਲ ਸੁਣਾਈ ਸੀ ।
ਮੈਂ ਤਾਂ ਓਸ ਦਾ ਸੰਨਾਟਾ ਸਾਂ,
ਉਹ ਮੇਰੀ ਤਨਹਾਈ ਸੀ।
ਆਪਣੇ ਬਦਨ ਦੀ ਕੁਟੀਆ ਨੂੰ,
ਮੈਂ ਹੀ ਤੀਲੀ ਲਾਈ ਸੀ।

✪

ਪੈਰ ਪੈਰ ਤੇ ਰੰਗਾਂ ਦਾ ਦਰਬਾਰ ਹੈ ਸਜਿਆ,
ਐਤਕਾਂ ਇਸ ਬਸਤੀ ਵਿਚ ਹੀ ਗੁਲਜ਼ਾਰ ਹੈ ਸਜਿਆ ।
ਰੰਗ ਛਿੜਕਦੀਆਂ ਲੰਘੀਆਂ ਨੇ ਰਤਨਾਹ ਹਵਾਵਾਂ,
ਕਿਸ ਦੇ ਵਹਿੜੇ ਹੁਸਨ ਦਾ ਲਾਲਾਜ਼ਾਰ ਹੈ ਸਜਿਆ ।
ਚੰਦ ਉਗਿਆ ਹੈ ਮੱਥੇ 'ਤੇ ਸਿਧੂੰਰ ਲਗਾ ਕੇ,
ਰਾਤ ਦੇ ਤਟ 'ਤੇ ਹੋਰੀ ਦਾ ਤਿਉਹਾਰ ਹੈ ਸਜਿਆ ।
ਉਫ਼ ! ਇਹ ਮਹਿਕੀ ਰੁੱਤ ਇਹ ਸ਼ਾਮ ਦੇ ਢਲਦੇ ਸਾਏ,
ਗੁਲਸ਼ਨ ਵਿਚ ਤਾਂ ਫੁੱਲਾਂ ਥੀਂ ਕਚਨਾਰ ਹੈ ਸਜਿਆ ।
ਦਿਲ ਦੀ ਮੱਧਮ ਤਾਣ 'ਚ ਇਹ ਗੰਭੀਰ ਉਦਾਸੀ,
ਕੋਮਲ ਰਿਖ਼ਬ ਰਾਗ ਵਿਚ ਇਕ ਗੰਧਾਰ ਹੈ ਸਜਿਆ ।
ਤਨਹਾ ਮੈਂ ਗਹਿਰਾ ਸੰਨਾਟਾ, ਤੇਰੀਆਂ ਯਾਦਾਂ,
ਡੁੱਬਦਾ ਸੂਰਜ ਦੂਰ ਝਿੜੀ ਦੇ ਪਾਰ ਹੈ ਸਜਿਆ ।
ਸ਼ਾਕਿਰ ਇਕ ਪਿਆਸੀ ਸੂਰਤ ਦਾ ਨਿਆਰਾ ਪਰਤੌਅ,
ਧਿਆਨ ਦੇ ਅਣਦੇਖੇ ਪਰਬਤ ਦੇ ਪਾਰ ਹੈ ਸਜਿਆ ।

✪

ਓਹ ਗਵਾਹ, ਮੇਰੀ ਹਯਾਤ ਦਾ,
ਓਹ ਗਵਾਹ, ਮੇਰੇ ਇਸ਼ਕ ਦਾ।
ਓਹ ਗਵਾਹ, ਮੇਰੀਆਂ ਇਬਾਦਤਾਂ ਦਾ,
ਓਹ ਵਕੀਲ, ਮੇਰੇ ਗੁਨਾਹ ਦਾ ।
ਓਹ ਸਿਤਾਰਾ, ਭੋਰ ਦੀ ਰਾਹ ਦਾ
ਓਹ ਕਦਮ ਕਦਮ ਤੇ ਅਦਾਲਤਾਂ,
ਓਹ ਗਲੀ ਗਲੀ 'ਚ ਕਚਹਿਰੀਆਂ
ਮੇਰੇ ਹਰ ਸੁਖ਼ਨ ਦਾ ਮਸ਼ੀਰ ਓਹ
ਓਹ ਹੁੰਗਾਰਾ ਮੇਰੇ ਕਲਾਮ ਦਾ
ਅਜੇ ਸਿਰ 'ਤੇ ਨੇ ਓਹ ਜਿਰਹ ਦੇ ਦਿਨ
ਅਜੇ ਦੂਰ ਨੇ ਉਹ ਨਿਆਂ ਦੇ ਪਲ
ਬੜਾ ਬੋਝ ਹਿਜ਼ਰ ਦੀ ਰਾਤ ਦਾ
ਇਹ ਜੋ ਫ਼ਰਦ-ਜ਼ੁਰਮ ਦਾ ਢੇਰ ਹੈ
ਕਈ ਮੌਸਮਾਂ ਦੀਆਂ ਜੁਦਾਈਆਂ
ਅਜੇ ਦੂਰ ਨੇ ਓਹ ਜ਼ਿਰਹ ਦੇ ਦਿਨ
ਅਜੇ ਸੁੱਤਾ ਰਹੁ ਦਿਲਾ ਭੋਲਿਆ
ਓਹ ਗਵਾਹ ਮੇਰੇ ਇਸ਼ਕ ਦਾ
ਜੋ ਗਵਾਹ ਵੀ ਹੈ ਵਕੀਲ ਵੀ
ਜੋ ਦਲੀਲ ਵੀ ਹੈ ਸਬੀਲ ਵੀ
ਮੈਨੂੰ ਸੁੱਤਿਆਂ ਕਿਸ ਨੇ ਜਗਾ 'ਤਾ
ਅਜੇ ਦੂਰ ਹੈ ਮੇਰਾ ਫੈਸਲਾ
ਓਹ ਸਿਤਾਰਾ ਭੋਰ ਦੀ ਰਾਹ ਦਾ-
ਓਹਨੂੰ ਹੋਇਆ ਕੀ?

ਓਹ ਵਕੀਲ ਮੇਰੇ ਗੁਨਾਹ ਦਾ– ਓਹਨੂੰ ਹੋਇਆ ਕੀ?
ਓਹ ਗਵਾਹ ਸੀ ਜੋ ਮੇਰੇ ਹੱਕ ਦਾ ਉਹਨੂੰ ਹੋਇਆ ਕੀ?
ਉਹ ਗਵਾਹ ਮੇਰੀ ਹਯਾਤ ਦਾ
ਓਹ ਗਵਾਹ ਰਾਤ ਮੁਕਰ ਗਿਆ
ਓਹ ਚਿਰਾਗ ਭੜਕ ਕੇ ਬੁਝ ਗਿਆ
ਓਹ ਸਿਤਾਰਾ ਟੁੱਟ ਕੇ ਡਿਗ ਪਿਆ

✪

ਖ਼ਾਬ ਜਿਨ੍ਹਾਂ 'ਚੋਂ ਨੀਂਦ ਉੜ ਜਾਵੇ, ਐਸੇ ਖ਼ਾਬ ਸਜਾਏ ਕਿਹੜਾ,
ਇਕ ਝੂਠੀ ਤਸਕੀਨ ਦੀ ਖ਼ਾਤਿਰ, ਸਾਰੀ ਰਾਤ ਗਵਾਏ ਕਿਹੜਾ

ਇਹ ਤਨਹਾਈ ਇਹ ਸੰਨਾਟਾ ਦਿਲ ਨੂੰ ਮਿਰੇ ਸਮਝਾਏ ਕਿਹੜਾ
ਐਸੀ ਭਿਆਨਕ ਰਾਤ 'ਚ ਆਖ਼ਿਰ ਮਿਲਣ ਮਿਲਾਵਣ ਆਏ ਕਿਹੜਾ

ਸੋਚ ਰਹੇ ਹਾਂ ਵਫ਼ਾ ਦੀ ਰਾਹ ਵਿਚ ਮਜ਼ਨੂੰ ਤੇ ਫਰਹਾਦ ਲੁੱਟੇ
ਐਪਰ ਅੱਧੇ ਰਸਤੇ 'ਚੋਂ ਹੁਣ ਵਾਪਸ ਪਰਤ ਕੇ ਜਾਏ ਕਿਹੜਾ

ਸੁਣ ਦੇ ਸਮਝਦੇ ਹੋਣ ਤਾਂ ਕੋਈ ਇਨ੍ਹਾਂ ਨੂੰ ਆਪਣੀ ਗੱਲ ਕਹੇ
ਗੂੰਗਿਆਂ-ਬਹਿਰਿਆਂ ਦੇ ਮੁਹਰੇ ਹੁਣ ਬੀਨ ਵਜਾਵਣ ਜਾਏ ਕਿਹੜਾ

ਫੁੱਲ ਖਿੜਾਏ ਬਾਦੇ-ਸਬਾ ਨੇ ਬਾਗ 'ਚ ਬੜਾ ਚੰਗਾ ਕੀਤਾ
ਮੇਰੇ ਦਿਲ ਦੀ ਬਸਤੀ ਉਜੜੀ ਇਹਦੇ 'ਚ ਫੁੱਲ ਖਿੜਾਏ ਕਿਹੜਾ

ਜਿੰਨੇ ਲੋਕ ਨੇ ਇਸ ਮਹਿਫ਼ਲ ਵਿਚ ਸਭ ਦਾ ਅਪਣਾ ਰੋਣਾ ਹੈ
ਸ਼ਾਕਿਰ ਮੈਂ ਖ਼ਾਮੋਸ਼- ਤਬੀਅਤ ਮੇਰਾ ਹਾਲ ਸੁਣਾਏ ਕਿਹੜਾ

✪

ਕਿਵੇਂ ਹੋ ਜਾਂਦਾ ਹੈ ਠੰਢਾ ਮਿਰੇ ਆਈਨੇ ਵਿਚ
ਹਰ ਲਪਕਦਾ ਹੋਇਆ ਸ਼ੋਅਲਾ ਮਿਰੇ ਆਈਨੇ ਵਿਚ

ਅਪਣੇ ਪਰਛਾਂਵੇ ਨੂੰ ਦੁਸ਼ਮਨ ਹੈ ਜੋ ਸਮਝੀ ਬੈਠਾ
ਮਰ ਨਾ ਜਾਵੇ ਉਹ ਪਰਿੰਦਾ ਮਿਰੇ ਆਈਨੇ ਵਿਚ

ਕਿਵੇਂ ਧੁੰਦਲਾਉਣਗੇ ਹੁਣ ਸ਼ਬਦਾਂ ਦੇ ਆਹਾਂ ਦੇ ਬਦਨ
ਕੈਦ ਹੈ ਧੁੱਪ ਦਾ ਟੋਟਾ ਮਿਰੇ ਆਈਨੇ ਵਿਚ

ਗ਼ਰਦ ਉੜਦੀ ਹੈ ਕਦੇ ਗ਼ਰਦ ਦਾ ਤੂਫ਼ਾਨ ਉਠਦੈ
ਬਸ ਗਿਆ ਹੈ ਕੋਈ ਸਹਿਰਾ ਮਿਰੇ ਆਈਨੇ ਵਿਚ

ਮੂਹਰੇ ਆ ਜਾਂਦਾ ਹੈ ਜਦ ਕੋਈ ਝਰੀਟਾਂ ਲੈ ਕੇ
ਹਸ਼ਰ ਹੋ ਜਾਂਦਾ ਹੈ ਬਰਪਾ, ਮਿਰੇ ਆਈਨੇ ਵਿਚ

ਸੋਚਦਾਂ ਕਿਸ ਤਰ੍ਹਾਂ ਮਹਿਫ਼ੂਜ਼ ਰਹਾਂਗਾ ਮੈਂ ਵੀ
ਜਦ ਸਿਮਟ ਜਾਊਗੀ ਦੁਨੀਆਂ ਮਿਰੇ ਆਈਨੇ ਵਿਚ

ਕਿਉਂ ਨਜ਼ਰ ਆਉਂਦਾ ਹੈ ਅਕਸਰ ਨਹੀਂ ਮੈਨੂੰ ਵੀ ਪਤਾ
ਇਕ ਲਹੂ ਸਿੰਮਿਆ ਚਿਹਰਾ ਮਿਰੇ ਆਈਨੇ ਵਿਚ

✪

ਨਜ਼ਰ ਨੇਜ਼ੇ ਦੀ ਰੱਖੀ ਸੀ ਜ਼ੁਬਾਂ ਖੰਜ਼ਰ ਦੀ ਰੱਖੀ ਸੀ,
ਇਹ ਕੀ ਸਾਡੇ ਲਈ ਵਰਖਾ ਤੁਸਾਂ ਪੱਥਰ ਦੀ ਰੱਖੀ ਸੀ।
ਨਾ ਕਿਉਂ ਹੈਰਾਨ ਹੋਵਾਂ ਮੈਂ, ਤੁਸੀਂ ਵੀ ਅੱਜ ਹੈ ਲਾ ਛੱਡੀ,
ਉਹੀ ਕੀਮਤ ਜੋ ਇਸ ਦੁਨੀਆ ਨੇ ਮੇਰੇ ਸਰ ਦੀ ਰੱਖੀ ਸੀ।
ਉਹੀ ਮੱਥੇ ਤੇ ਮਲਕੇ ਸੁਰਖ਼ਰੂ ਹਾਂ ਅੱਜ ਦੁਨੀਆ ਤੋਂ,
ਜੋ ਥੋੜੀ ਜਿਹੀ ਬਚਾ ਕੇ ਖ਼ਾਕ ਤੇਰੇ ਦਰ ਦੀ ਰੱਖੀ ਸੀ।
ਮੈਂ ਜਦ ਸੀ ਪਰਤਿਆ ਤਾਂ ਚਾਹ ਦੀ ਗਰਮਾ ਗਰਮ ਪਿਆਲੀ ਵਿਚ,
ਪਏ ਸਨ ਘਰ ਦੇ ਸਭ ਮਸਲੇ ਥਕਨ ਦਫ਼ਤਰ ਦੀ ਰੱਖੀ ਸੀ।
ਫਿਰ ਉਸ ਤੋਂ ਬਾਦ ਸਿਰ ਮੇਰਾ ਸੀ ਕਮਰੇ ਦੀ ਸਰਦਲ ਸੀ,
ਅਮਾਨਤ ਦੀ ਤਰ੍ਹਾਂ ਸਿਲਵਟ ਹਰਿਕ ਬਿਸਤਰ ਦੀ ਰੱਖੀ ਸੀ।
ਹਿਲਾ ਕੇ ਰੱਖ ਤਾ ਹਾਲਾਤ ਦੀ ਸੰਗੀਨ ਸੂਰਤ ਨੇ,
ਅਜੇ ਤਾਂ ਨੀਂਹ ਦੀ ਪਹਿਲੀ ਇੱਟ ਅਪਣੇ ਘਰ ਦੀ ਰੱਖੀ ਸੀ।
ਬਦਨ ਮੁੜ੍ਹਕੇ 'ਚ ਤਰ ਲਬ-ਖ਼ੁਸ਼ਕ ਗ਼ਮ ਦੀ ਧੂੜ ਚਿਹਰੇ 'ਤੇ,
ਇਹੋ ਸੌਗਾਤ ਠੂਠੇ ਵਿਚ ਮਿਰੇ ਦਿਨ ਭਰ ਦੀ ਰੱਖੀ ਸੀ।
ਉਹਨੇ ਰੱਖ ਛੱਡਿਆ ਅਖ਼ਬਾਰ ਫ਼ੜ ਕੇ ਮੇਰੀ ਮੁੱਠੀ 'ਚੋਂ,
ਖ਼ੁਦ ਉਸ ਦੇ ਪਾਸ ਹਰ ਤਾਜ਼ਾ ਖ਼ਬਰ ਘਰ ਘਰ ਦੀ ਰੱਖੀ ਸੀ।

✪

ਘਟਾ ਵਰਸੀ, ਜ਼ਿਮੀ ਤਰ ਹੋ ਗਈ ਹੈ,
ਨਦੀ ਆਪੇ ਤੋਂ ਬਾਹਰ ਹੋ ਗਈ ਹੈ ।

ਕਲੇਜਾ ਛਲਣੀ ਛਲਣੀ ਹਰ ਕਿਸੀ ਦਾ,
ਕਿਰਨ ਸੂਰਜ ਦੀ ਨਿਸ਼ਤਰ ਹੋ ਗਈ ਹੈ ।

ਹਰ ਆਈਨਾ ਹੈ ਮਿੱਟੀ ਨਾਲ ਅੱਟਿਆ,
ਫ਼ਿਜਾ ਕਿੰਨੀ ਮੁਕੱਦਰ ਹੋ ਗਈ ਹੈ ।

ਅਸਾਡੀ ਜਿੰਦਗੀ ਇਸ ਨਵੇਂ ਯੁੱਗ ਵਿਚ,
ਕਿਸੇ ਕੰਗਲੇ ਦੀ ਚਾਦਰ ਹੋ ਗਈ ਹੈ ।

ਮੁਬਾਰਕ ਤੁਸਾਂ ਨੂੰ ਕੰਧਾਂ ਦੇ ਸਾਏ,
ਕਿ ਧੁੱਪ ਸਾਡਾ ਮੁਕੱਦਰ ਹੋ ਗਈ ਹੈ ।

ਮੁੱਹਬਤ ਜ਼ੁਰਮ ਹੈ ਸ਼ਾਕਿਰ ਤਦੇ ਤਾਂ,
ਮਿਰੀ ਰੁਸਵਾਈ ਘਰ ਘਰ ਹੋ ਗਈ ਹੈ ।

✪

ਰੁਕੇ ਤਾਂ ਸੰਗ, ਤੁਰੇ ਤਾਂ ਹਵਾਵਾਂ ਵਰਗਾ ਸੀ,
ਉਹ ਸੀ ਤਾਂ ਆਦਮੀ ਐਪਰ ਬਲਾਵਾਂ ਵਰਗਾ ਸੀ।
ਮਿਰਾ ਯਕੀਨ ਤਾਂ ਅੰਨ੍ਹੀਆਂ ਗੁਫ਼ਾਵਾਂ ਵਰਗਾ ਸੀ,
ਤਿਰਾ ਖ਼ਲੂਸ ਮਗਰ ਧੁੱਪਾਂ- ਛਾਂਵਾਂ ਵਰਗਾ ਸੀ।
ਇਹ ਕਿਹਨੇ ਰੰਗਤਾ ਅੱਜ ਲਹੂ ਨਾਲ ਆਈਨਾ,
ਅਸਾਡੇ ਸ਼ਹਿਰ ਦਾ ਮੰਜ਼ਰ ਤਾਂ ਪਿੰਡਾਂ ਵਰਗਾ ਸੀ।
ਸੁਲਗ ਰਹੀ ਸੀ ਹਰਿਕ ਸ਼ੈਅ ਲਹੂ ਲਹੂ ਹੋ ਕੇ,
ਉਹ ਬੀਤੀ ਸ਼ਾਮ ਦਾ ਮੰਜ਼ਰ ਚਿਤਾਵਾਂ ਵਰਗਾ ਸੀ।
ਪਤਾ ਨੀ ਕਿਸ ਨੇ ਬਣਾਇਆ ਸੀ ਸ਼ਹਿਰ ਦਾ ਨਕਸ਼ਾ,
ਬੱਸ ਇਕੋ ਰਾਹ ਸੀ ਬਾਕੀ ਖ਼ਲਾਵਾਂ ਵਰਗਾ ਸੀ।

✪

ਪਰਤ ਕੇ ਆਉਣਗੇ ਕੀ ਫਿਰ ਉਹੀ ਬਹਾਰ ਦੇ ਰੰਗ,
ਬਿਖ਼ਰ ਕੇ ਰਹਿ ਗਏ ਸਭ ਤੇਰੇ ਇੰਤਜ਼ਾਰ ਦੇ ਰੰਗ ।
ਖ਼ਿਜਾਂ ਦੇ ਇਕੋ ਤਸਲਸੁਲ ਦਾ ਵੀ ਸੀ ਰੰਗ ਕੋਈ,
ਤਦੇ ਤਾਂ ਨਜ਼ਰ ਨੂੰ ਜਚਦੇ ਨਹੀਂ ਬਹਾਰ ਦੇ ਰੰਗ ।
ਉਹ ਸੁਫ਼ਨੇ ਤੱਕਦੇ, ਹਕੀਕਤ ਤੋਂ ਦੂਰ ਵਸਦੇ ਨੇ,
ਜੋ ਵੇਖਦੇ ਨੇ ਘਟਾਵਾਂ 'ਚ ਜ਼ੁਲਫ਼ੇ ਯਾਰ ਦੇ ਰੰਗ ।
ਤੂੰ ਮੇਰੇ ਉਜੜੇ ਹੋਏ ਘਰ ਦਾ ਉੱਕਾ ਫ਼ਿਕਰ ਨਾ ਕਰ,
ਖਿੜੇ ਰਹਿਵਣ ਤੇਰੇ ਵਿਹੜੇ 'ਚ ਸਭ ਨਿਖ਼ਾਰ ਦੇ ਰੰਗ ।
ਪਵੇ ਨਾ ਕੰਡਿਆਂ ਦਾ ਪਰਛਾਵਾਂ ਵੀ ਇਨ੍ਹਾਂ ਤੇ ਕਦੇ,
ਵੱਸਣ ਇਹ ਫੁੱਲਾਂ ਜਿਹੇ ਬੱਚੇ-ਇਹ ਬਹਾਰ ਦੇ ਰੰਗ ।

✪

ਦਿਨ ਦਾ ਜਦ ਪਹਿਲਾ ਪਹਿਰ ਢਲਦਾ ਹੈ,
ਕਾਫ਼ਿਲਾ ਯਾਦਾਂ ਦਾ ਨਿਕਲਦਾ ਹੈ।
ਦਿਲ 'ਚ ਵਧਦੀ ਹੈ ਜਦ ਤਪਿਸ਼ ਗ਼ਮ ਦੀ,
ਮੋਮ ਅੱਖੀਆਂ ਦਾ ਫਿਰ ਪਿਘਲਦਾ ਹੈ ।
ਰਾਤ ਪੈਦੇ ਹੀ ਰਾਹ ਸੱਧਰਾਂ ਦਾ,
ਗ਼ਮ ਦੀ ਵਾਦੀ 'ਚ ਜਾ ਨਿਕਲਦਾ ਹੈ ।
ਹਿਜ਼ਰ ਦੀ ਸ਼ਾਮ, ਦੱਸ ਤਿਰੇ ਹਮਰਾਹ,
ਕਾਫ਼ਿਲਾ ਕਿਸ ਖ਼ੁਸ਼ੀ ਦਾ ਤੁਰਦਾ ਹੈ ।
ਦੋਸਤੋ ! ਕਿਸ ਨੂੰ ਇਹ ਪਤਾ ਹੈ ਭਲਾ,
ਕਦ ਮਿਜ਼ਾਜ ਆਸਮਾਂ ਬਦਲਦਾ ਹੈ ।
ਮੈਨੂੰ ਦੇਂਦੀ ਹੈ ਲੋਰੀਆ ਹਸਰਤ,
ਬਿਨ ਤੇਰੇ ਜਦ ਚਿਰਾਗ ਜਲਦਾ ਹੈ ।
ਬੰਦ ਦਿਲ ਦੀ ਗਲੀ 'ਚੋ ਵੀ ਸ਼ਾਕਿਰ,
ਇਕ ਪੈਹਾ ਯਾਦ ਦਾ ਨਿਕਲਦਾ ਹੈ ।

✪

ਕਲਪਨਾ ਵਿਚ ਮੈਂ ਉਸ ਦੇ ਦਰ 'ਤੇ ਸੀ,
ਘਰ 'ਚ ਰਹਿੰਦਾ ਹੋਇਆ ਵੀ ਬੇ-ਘਰ ਸੀ ।
ਟੁੱਟਦੀ ਕਿੱਦਾਂ ਹਉਮਿਆਂ ਦੀ ਫ਼ਸੀਲ,
ਉਹ ਵੀ ਜਿੱਦੀ ਸੀ ਤੇ ਮੈਂ ਵੀ ਖ਼ੁਦਸਰ ਸੀ ।
ਉਹ ਤਾਂ ਪਹਿਲੂ ਬਚਾ ਗਿਆ ਅਪਣਾ,
ਜੋ ਵੀ ਇਲਜ਼ਾਮ ਸੀ ਮਿਰੇ ਸਰ ਸੀ ।
ਮੇਰੇ ਚਿਹਰੇ ਤੋਂ ਹੋ ਗਿਆ ਜ਼ਾਹਿਰ,
ਉਹੀ ਚਿਹਰਾ ਜੋ ਮੇਰੇ ਅੰਦਰ ਸੀ ।
ਖ਼ਾਲੀ ਹੱਥ ਉਹ ਗਿਆ ਹੈ ਦੁਨੀਆਂ ਤੋਂ,
ਉਹ ਤਾਂ ਬਸ ਨਾਮ ਦਾ ਸਿਕੰਦਰ ਸੀ ।
ਕੱਲੀ ਧਰਤੀ ਨਾ ਸੀ ਮੇਰੀ ਦੋਖੀ,
ਨੀਲਾ ਅੰਬਰ ਵੀ ਮੇਰੇ ਸਰ ਤੇ ਸੀ,
ਮੁੱਦਤਾਂ ਬਾਅਦ ਇਹ ਪਤਾ ਲੱਗਾ,
ਸ਼ੋਰ ਜੋ ਵੀ ਸੀ ਮੇਰੇ ਅੰਦਰ ਸੀ ।

✪

ਫਿਰ ਇਕ ਦਿਨ ਉਹ ਸਮੁੰਦਰ ਦੇ ਸਫ਼ਰ ਤੋਂ ਪਰਤ ਆਇਆ ਸੀ,
ਤੇ ਮੁੱਠੀ ਵਿਚ ਅਪਣੀ ਰੇਤ ਦੀ ਸੌਗਾਤ ਲਿਆਇਆ ਸੀ ।
ਤ੍ਰੁਬਕਿਆ ਮੈਂ ਕਿਸੇ ਆਹਟ ਨੇ ਜਦ ਕੀਤਾ ਮੇਰਾ ਪਿੱਛਾ,
ਪਲਟ ਕੇ ਦੇਖਿਆ ਉਧਰ ਤਾਂ ਖ਼ੁਦ ਅਪਣਾ ਹੀ ਸਾਇਆ ਸੀ ।
ਉਹ ਯਾਦਾਂ ਸ਼ਹਿਰ ਦੀ ਵੀਹੀ 'ਚ ਮੇਰੇ ਨਾਲ ਹੁੰਦੀਆ ਨੇ,
ਜਿਨ੍ਹਾਂ ਨੂੰ ਪਿੰਡ ਦੀਆਂ ਪਗਡੰਡੀਆਂ 'ਤੇ ਛੱਡ ਆਇਆ ਸੀ ।
ਜ਼ਿਨ੍ਹੂੰ ਤੂੰ ਛੱਡ ਆਇਆ ਏਂ ਵਫ਼ਾ ਦਾ ਵਾਸਤਾ ਪਾ ਕੇ,
ਉਹੀ ਇਕ ਸਖ਼ਸ਼ ਤੈਨੂੰ ਮਿਲਣ ਸ਼ਾਇਦ ਕੱਲ੍ਹ ਵੀ ਆਇਆ ਸੀ ।
ਉਨ੍ਹਾਂ ਅੱਖੀਆਂ ਦਾ ਸਦਕਾ ਅੱਜ ਵੀ ਮੇਰੇ ਖ਼ਾਬ ਨੇ ਰੌਸ਼ਨ,
ਜਿਨ੍ਹਾਂ ਅੱਖੀਆਂ ਨੇ ਮੇਰੇ ਦਿਲ 'ਚ ਅਪਣਾ ਘਰ ਵਸਾਇਆ ਸੀ ।
ਪਤੈ ਮੈਨੂੰ ਕਿ ਇਹ ਦੁਨੀਆ ਉਹਨੂੰ ਪਾਗਲ ਸਮਝਦੀ ਐ,
ਜੋ ਨੰਗੇ ਪੈਰੀਂ ਤੁਰ ਕੇ ਅੱਗ ਦੀ ਵਾਦੀ 'ਚੋਂ ਆਇਆ ਸੀ ।

✪

ਕੋਈ ਤਾਂ ਦੁਸ਼ਮਣੀ ਤੋਂ ਡਰਦਾ ਹੈ,
ਦਿਲ ਮੇਰਾ ਦੋਸਤੀ ਤੋਂ ਡਰਦਾ ਹੈ ।
ਇਕ ਦਿਵਾਨਾ ਪਿਆ ਹੈ ਘਰ ਅੰਦਰ,
ਸ਼ਹਿਰ ਦੀ ਹਰ ਗਲੀ ਤੋਂ ਡਰਦਾ ਹੈ ।
ਸ਼ਹਿਰ ਦੇ ਹਾਕਮਾ ! ਖ਼ੁਦਾ ਦੀ ਕਸਮ,
ਦਿਲ ਤਿਰੀ ਰਹਿਬਰੀ ਤੋਂ ਡਰਦਾ ਹੈ ।
ਲੋਕ ਤਾਂ ਰੱਬ ਤੋਂ ਵੀ ਨਹੀਂ ਡਰਦੇ,
ਆਦਮੀ ਆਦਮੀ ਤੋਂ ਡਰਦਾ ਹੈ ।
ਜ਼ਖ਼ਮ ਅਪਣੇ ਲਕੋਈ ਰੱਖਦਾ ਹੈ,
ਆਦਮੀ ਚਾਂਦਨੀ ਤੋਂ ਡਰਦਾ ਹੈ ।
ਇਸ ਜ਼ਮਾਨੇ ਤੋਂ ਕੀ ਡਰੂ ਸ਼ਾਕਿਰ,
ਯਾਰ ਦੀ ਬੇ ਰਹਿਮੀ ਤੋਂ ਡਰਦਾ ਹੈ ।

✪

ਇਕ ਦਾਨਿਸ਼ਵਰ ਸੀ, ਕੁਰਸੀ ਸੀ,
ਗਿਆਨ ਦੀ ਦੇਵੀ ਕੋਲ ਖੜੀ ਸੀ ।
ਮੋਤੀ ਉਸ ਦੇ ਹੱਥ ਨਾ ਲੱਗੇ,
ਉਂਜ ਤਾਂ ਉਸਦੀ ਉਮਰ ਬੜੀ ਸੀ ।
ਯਾਰ ਪੁਰਾਣੇ ਢੂੰਡ ਕੇ ਲਿਆਵਾਂ,
ਉਨ੍ਹਾਂ ਥੀਂ ਤਾਂ ਰੂਹ ਖਿੜੀ ਸੀ ।
ਧੁੱਪ 'ਚ ਬੈਠਾ ਸ਼ੋਖ਼ ਪਰਿੰਦਾ,
ਧਿਆਨ 'ਚ ਜਿਸਦੇ ਸਬਜ਼ ਪਰੀ ਸੀ ।
ਮੁੜ ਉਹ ਮੌਸਮ ਆਊਗਾ ਜਦ,
ਲਫ਼ਜਾਂ ਨਾਲ ਅਪਣੀ ਯਾਰੀ ਸੀ।
ਸ਼ਿਅਰ ਗ਼ਜ਼ਲ ਦੇ - ਵਗਦਾ ਪਾਣੀ,
ਬਹਿਰ ਸੀ ਛੋਟੀ - ਰਮਜ਼ ਬੜੀ ਸੀ ।

✪

ਸਰਕਸ਼ ਹਰੇਕ ਲਹਿਰ ਹੈ ਅਗਯਾਰ ਦੀ ਤਰ੍ਹਾਂ,
ਟੁੱਟਿਆ ਹੈ ਬਾਦਬਾਨ ਵੀ ਪਤਵਾਰ ਦੀ ਤਰ੍ਹਾਂ ।
ਸ਼ਾਇਦ ਕਿਸੇ ਨੂੰ ਮੇਰੀ ਜਰੂਰਤ ਨਹੀਂ ਰਹੀ,
ਤਨਹਾ ਖੜਾ ਹਾਂ ਚੀਨ ਦੀ ਦੀਵਾਰ ਦੀ ਤਰ੍ਹਾਂ ।
ਸ਼ੋਹਰਤ ਦੇ ਨਾਲ ਸੋਹਬਤਾਂ ਹੋਈਆ ਨੇ ਫਿੱਕੀਆਂ,
ਮਿਲਦਾ ਨਹੀਂ ਹੈ ਕੋਈ ਵੀ ਫ਼ਨਕਾਰ ਦੀ ਤਰ੍ਹਾਂ ।
ਸੱਧਰ ਹੈ ਸ਼ਾਇਦ ਅਪਣੇ ਆਪ ਨੂੰ ਮਿਲ ਸਕਾਂ,
ਦਰ ਦਰ ਭਟਕ ਰਿਹਾ ਹਾਂ ਮੈਂ ਅਖ਼ਬਾਰ ਦੀ ਤਰ੍ਹਾਂ ।
ਸ਼ਾਕਿਰ ਵੀ ਐਸੀ ਹਸਤੀ ਦੇ ਗੁੰਬਦ 'ਚ ਕੈਦ ਹੈ,
ਖੁਲ੍ਹਦਾ ਨਹੀਂ ਹੈ ਜੋ ਕਿਸੇ ਇਸਰਾਰ ਦੀ ਤਰ੍ਹਾਂ ।

✪

ਨਗਰੀ ਨਗਰੀ, ਨਾਗਣ ਨਾਗਣ ਵਜਾ ਕੇ ਮਨ ਦੀ ਬੀਨ,
ਵਿਸ਼ ਦਾ ਸਾਗਰ, ਪੀਵਣ ਨਿਕਲੇ ਸਾਧੂ ਅਸੀਂ ਰੰਗੀਨ ।
ਛੱਡ ਦਿੱਤਾ ਇਕ ਪਲ ਵਿਚ ਉਸਨੇ ਜਨਮ ਜਨਮ ਦਾ ਸਾਥ,
ਲਹਿ ਗਈ ਟੁੱਟੇ ਹੋਏ ਸੁਫ਼ਨਿਆਂ ਦੀ ਦਿਲ ਵਿਚ ਸੰਗੀਨ ।
ਵੇਖੇ ਜਦ ਕਾਲੇ ਵਾਲਾਂ ਵਿਚ ਚਾਂਦੀ ਵਰਗੇ ਤਾਰ,
ਜਾਪਿਆ ਮੈਨੂੰ ਪੈਰਾਂ ਹੇਠੋਂ ਖਿਸਕਦੀ ਜਾਏ ਜ਼ਮੀਨ ।
ਭੁੱਖ ਦੀ ਅੱਖ ਨਾਲ ਤੱਕੋ ਦੁਨੀਆਂ, ਬਲਦਾ ਹੋਇਆ ਮਸਾਣ,
ਢਿੱਡ ਭਰਿਆ ਹੋਵੇ ਤਾਂ ਦੁਨੀਆਂ, ਜੰਨਤ ਤੋਂ ਵੀ ਹਸੀਨ ।
ਦੁਨੀਆਂ ਦੀ ਮੰਡੀ 'ਚ ਹੋਈ ਇੰਜ ਦਿਲ ਦੀ ਖ਼ੁਸ਼ੀ ਨੀਲਾਮ,
ਧਰਤੀ ਅੰਬਰ ਚੰਦ-ਸਿਤਾਰੇ ਮਿਰੇ ਲਈ ਸਭ ਹੀਣ ।

✪

ਤੂੰ ਕਿੱਥੇ ਹੈਂ ਕਿ ਤਿਰੀ ਯਾਦ ਦੇ ਨਗੀਨਿਆਂ ਨੂੰ,
ਪਲਕ ਪਲਕ ਮੈਂ ਪਰੋਂਦਾ ਹਾਂ ਮੋਤੀਆਂ ਦੀ ਤਰ੍ਹਾਂ।
ਓਹ ਨ੍ਹੇਰੀਆਂ ਨੇ ਕਿ ਦਿਲ ਉੱਤੋਂ ਤੇਰੀਆਂ ਯਾਦਾਂ ਦੇ
ਨਕੂਸ਼ ਮਿਟ ਗਏ ਸਹਿਰਾ ਦੇ ਰਸਤਿਆਂ ਦੀ ਤਰ੍ਹਾਂ
ਮਿਰੀ ਨਜ਼ਰ ਦਾ ਤਾਂ ਅੰਦਾਜ ਹੋਰ ਹੈ ਵਰਨਾ,
ਮੈਂ ਤੇਰੀ ਬਜ਼ਮ'ਚ ਹਾਂ ਖ਼ੁਦ ਵੀ ਦੂਜਿਆਂ ਦੀ ਤਰ੍ਹਾਂ
ਜਦੋਂ ਉਹ ਸਾਹਮਣੇ ਹੋਏ ਤਾਂ ਅੱਖ ਵੀ ਨਾ ਮਿਲੇ
ਜੋ ਮੇਰੀਆਂ ਅੱਖਾਂ 'ਚ ਵਸਦਾ ਹੈ ਜਾਗਿਆਂ ਦੀ ਤਰ੍ਹਾਂ
ਕਰੀਬ ਆਏ ਤਾਂ ਰਸਤੇ ਤੋਂ ਭਟਕੇ ਹੋਏ ਜਾਪੇ
ਜੋ ਕਾਫੀ ਦੂਰੋਂ ਨਜ਼ਰ ਆਏ ਮੰਜ਼ਿਲਾਂ ਦੀ ਤਰਾਂ
ਪਤਾ ਨੀ ਕੈਸੇ ਸਫ਼ਰ ਦੀ ਹੈ ਆਰਜ਼ੂ ਦਿਲ ਵਿਚ
ਮੈਂ ਅਪਣੇ ਘਰ 'ਚ ਪਿਆ ਹਾਂ ਮੁਸਾਫ਼ਿਰਾਂ ਦੀ ਤਰ੍ਹਾਂ

✪

ਜੰਗਲ ਝੂਮੇ ਇਹਦੇ 'ਚ ਵੇਖੇ ਅਪਣਾ ਰੂਪ-ਅਨੂਪ
ਸ਼ੀਸ਼ੇ ਵਰਗੀ ਝਿਲਮਿਲ ਝਿਲਮਿਲ ਇਹ ਚਮਕੀਲੀ ਝੀਲ
ਸੂਰਜ ਤਾਂ ਅੰਬਰ ਵਲ ਖਿੱਚੇ ਧਰਤੀ ਅਪਣੇ ਵੱਲ ਨੂੰ
ਬਰਖ਼ਾ ਬਣ ਕੇ ਵਰਸ ਰਹੀ ਛੈਲ -ਛਬੀਲੀ ਝੀਲ
ਜੰਗਲ ਪਰਬਤ ਸਰਗਮ ਛੇੜਣ ਬੱਦਲ ਇਸ 'ਤੇ ਝੂਮੇ
ਇਹਨਾਂ ਸਭਨਾਂ ਵਿੱਚ ਇੱਕਲੀ ਇੱਕ ਸ਼ਰਮੀਲੀ ਝੀਲ
ਦੂਰੋਂ ਕੋਈ ਮਿਲਣ ਨੂੰ ਆਵੇ ਛੱਡ ਕੇ ਕੋਈ ਜਾਵੇ
ਝਰਨੇ ਨਦੀਆਂ ਸਾਥੀ ਇਸਦੇ ਅਤੇ ਸਹੇਲੀ ਝੀਲ
ਜਾੜੇ ਵਿਚ ਜਦ ਮੌਸਮ ਠਿਠਰੇ ਹਰ ਮੰਜ਼ਰ ਜੰਮ ਜਾਵੇ
ਓੜ੍ਹ ਲਵੇ ਤਦ ਚਿੱਟੀ ਚਾਦਰ ਇਹ ਬਰਫ਼ੀਲੀ ਝੀਲ
ਚੰਦ ਸਿਤਾਰੇ ਦਰਪਣ ਸਮਝਣ ਬੱਦਲ ਅਪਣਾ ਮੀਤ
ਸ਼ੈਦਾਈ ਨੇ ਕਿੰਨੇ ਸ਼ਾਕਿਰ ਇਕ ਇੱਕਲੀ ਝੀਲ

✪

ਅੱਜ ਫ਼ਿਰ ਸ਼ਰਮਾ ਗਏ ਉਹ ਵੇਖ ਕੇ ਗੇਦੇ ਦੇ ਫੁੱਲ
ਕਿਸੇ ਵਿਸਰੀ ਰਾਤ ਦੇ ਯਾਦ ਆ ਗਏ ਗੇਦੇ ਦੇ ਫੁੱਲ

ਖਿੜ ਗਏ ਸਨ, ਤੇਰੀਆਂ ਪੈੜਾਂ 'ਤੇ ਜਿਹੜੇ ਰਾਤ ਨੂੰ
ਇਕ ਦਿਵਾਨੇ ਨੇ ਉਹ ਸਿਰ 'ਤੇ ਚਾ' ਲਏ ਗੇਦੇ ਦੇ ਫੁੱਲ

ਦਿਨ ਦਿਹਾੜੇ ਖ਼ੁਸ਼ਬੋਆਂ ਦੇ ਕਾਫ਼ਿਲੇ ਲੁੱਟੇ ਗਏ
ਦੂਰ, ਦੜ ਵੱਟੀ ਖੜ੍ਹੇ ਤੱਕਦੇ ਰਹੇ ਗੇਦੇ ਦੇ ਫੁੱਲ

ਚੱਲ ਗਿਆ ਆਖ਼ਿਰ ਨੂੰ ਗੁਲਚੀਂ ਚਾਲ ਐਸੀ ਚੱਲ ਗਿਆ
ਸਾਫ਼ ਜਿੱਤੀ ਹੋਈ ਬਾਜ਼ੀ ਹਰ ਗਏ ਗੇਦੇ ਦੇ ਫੁੱਲ

ਸੁੰਨੀਆਂ ਸੜਕਾਂ, ਬੰਦ ਦੁਕਾਨਾਂ, ਥਾਂ-ਪੁਰ ਥਾਂ ਲਹੂ
ਤੁਸਾਂ ਕਿਉਂ ਏਧਰ ਕੁਰਾਹੇ ਲੈ ਟੁਰੇ ਗੇਦੇ ਦੇ ਫੁੱਲ

ਬਾਗਵਾਂ ਦੇ ਕਤਲ ਦਾ ਕਿੱਸਾ ਸੀ ਇੰਨਾ ਦਰਦਨਾਕ
ਰਾਤ ਭਰ ਸੁਣਦੇ ਰਹੇ,ਰੋਂਦੇ ਰਹੇ, ਗੇਦੇ ਦੇ ਫੁੱਲ

ਕਿਸੇ ਕਲਜੋਗਣ ਦਾ ਪਰਛਾਵਾਂ ਪਿਆ ਹੋਣੈ ਜਰੂਰ
ਖਿੜਣ ਤੋਂ ਪਹਿਲਾਂ ਤਦੇ ਮੁਰਝਾ ਗਏ ਗੇਦੇ ਦੇ ਫੁੱਲ

ਰਾਤ ਭਰ ਉਠਦਾ ਰਿਹਾ, ਇਕ ਗਲੀ 'ਚੋਂ ਮਾਤਮ ਦਾ ਸ਼ੋਰ
ਇਕ ਚਿਤਾ ਵਿਹੰਦੀ ਰਹੀ ਮਿੱਧੇ ਹੋਏ ਗੇਦੇ ਦੇ ਫੁੱਲ

ਬਾਗ ਤਾਂ ਸੁੰਨਾ ਪਿਐ, ਡੈਣਾਂ ਦੇ ਵਿਹੜੇ ਦੀ ਤਰ੍ਹਾਂ
ਕਿਹੜਿਆਂ ਹਿਰਨਾਂ ਦੇ ਸਿੰਗੀਂ ਚੜ੍ਹ ਗਏ ਗੇਦੇ ਦੇ ਫੁੱਲ

ਕੋਈ ਅਣਛੁਤੀ, ਸੁਹਾਗਣ 'ਵਾ ਕਰਿਸ਼ਮਾ ਕਰ ਗਈ
ਵੇਖ ਲਓ! ਬੇ-ਮੌਸਮੇ ਖਿੜਦੇ ਪਏ ਗੇਦੇ ਦੇ ਫੁੱਲ

ਕੀਲੀਆਂ ਰੁੱਤਾਂ, ਸਰਾਪੇ ਪੰਧ, ਧੁਖਦੇ ਆਲ੍ਹਣੇ
ਜਾਂਦੀ ਵਾਰੀ, ਕੀ ਸੁਗਾਤਾਂ ਦੇ ਗਏ ਗੇਦੇ ਦੇ ਫੁੱਲ

ਮੈਂ ਤਾਂ ਪਹਿਲਾਂ ਇਨ੍ਹਾਂ 'ਤੇ ਸ਼ਬਦਾਂ ਦਾ ਮੰਤਰ ਫੂਕਿਆ
ਫੇਰ ਗ਼ਜ਼ਲਾਂ ਦੀ ਪਟਾਰੀ ਪਾ ਲਏ ਗੇਦੇ ਦੇ ਫੁੱਲ

ਹੁਣ ਮਨਾਉਣਾ ਹੀ ਪਊ ਸ਼ਾਕਿਰ ਗਏ ਸਮਿਆਂ ਦਾ ਸੋਗ
ਰਾਤ ਕੁੱਝ ਗੁੱਝੇ ਇਸ਼ਾਰੇ ਕਰ ਗਏ ਗੇਦੇ ਦੇ ਫੁੱਲ

ਕੁਝ ਸ਼ੇਅਰ

ਖ਼ੌਫ਼ ਦੇ ਸਾਏ ਨਾ ਫੈਲਾਅ, ਇਸ ਕਦਰ, ਇਸ ਸ਼ਹਿਰ ਵਿਚ,
ਪਿਛੋਂ ਇਹ ਅਪਣੇ ਹੀ ਸਾਏ ਤੋਂ ਨਾ ਡਰ ਜਾਵੇ ਕਿਤੇ

ਮਿਰੇ ਪਿਆਰ ਦਾ ਸਾਗਰ ਵੀ ਤੇਰੀਆਂ ਅੱਖਾਂ ਵਰਗਾ ਸੀ,
ਤੂੰ ਹੀ ਸੀ ਮੰਜ਼ਿਲ ਮੇਰੀ, ਮੈਂ ਹੀ ਤੇਰਾ ਰਸਤਾ ਸੀ।

ਕੀ ਪਤੈ ਯ਼ਕੀਨ 'ਚ ਹਾਂ ਜਾਂ ਕਿਸੇ ਗੁਮਾਨ ਅੰਦਰ,
ਮੈਂ ਤਿਰੀ ਪਨਾਹ 'ਚ ਹਾਂ ਤੈਥੋਂ ਦੂਰ ਰਹਿੰਦਾ ਹੋਇਆ

ਸ਼ਹਿਰ ਦਾ ਸੂਫ਼ੀ ਮਿਰੇ ਹੱਕ 'ਚ ਦੁਆ ਕੀ ਕਰਦਾ
ਓਹ ਤਾਂ ਮੋਹਤਾਜ਼ ਸੀ ਖ਼ੁਦ ਮੈਨੂੰ ਅਤਾ ਕੀ ਕਰਦਾ

ਅਸਾਡੀ ਖ਼ਾਮੋਸ਼ੀ ਨੇ ਲਾਜ਼ ਰੱਖ ਲੀ
ਨਹੀਂ ਤਾਂ ਹੱਥ ਕੱਟ ਜਾਂਦੇ ਦੁਆ ਦੇ

ਰਵਾਂ-ਦਵਾਂ ਹੈ ਅਜ਼ਲ ਤੋਂ ਜ਼ਮੀਨ ਦੀ ਕਿਸ਼ਤੀ
ਫ਼ਲਕ ਦਾ ਟੁੱਟਿਆ ਹੋਇਆ ਬਾਦਬਾਨ ਲੈ ਕੇ ਵੀ

ਓਹ ਮੇਰੇ ਹਾਲ 'ਤੇ ਰੋਇਆ ਵੀ ਮੁਸਕਰਾਇਆ ਵੀ
ਅਜ਼ੀਬ ਸਖ਼ਸ਼ ਹੈ ਅਪਣਾ ਵੀ ਹੈ ਪਰਾਇਆ ਵੀ

ਸ਼ਾਕਿਰ ਨੇ ਜਦੋਂ ਤੱਕਿਆ ਓਸ ਪਾਰ ਖ਼ਿਲਾਅ ਤੋਂ
ਓਸਨੂੰ ਤਾਂ ਉਚਾਈਆਂ 'ਚ ਵੀ ਗਹਿਰਾਈਆਂ ਮਿਲੀਆਂ

ਤੂੰ ਮੇਰੀ ਅੱਖ ਦੇ ਬੇ-ਰੰਗ ਮੰਜ਼ਰਾਂ ਤੇ ਨਾ ਜਾ
ਮੈਂ ਤਜ਼ਕਰਾ ਹਾਂ ਨਵੇਂ ਮੌਸਮਾਂ ਦੀ ਖ਼ੁਸ਼ਬੂ ਦਾ

ਸਹਿਰਾ 'ਚ ਜ਼ਿੰਦਗ਼ੀ ਦੇ ਖਿੜੀ ਮਸਲਿਆਂ ਦੀ ਧੁੱਪ
ਜੋ ਸਖ਼ਸ਼ ਵੀ ਮਿਲੇ ਓਹ ਸੁਲਗਦਾ ਹੋਇਆ ਮਿਲੇ

ਹੁੰਦਾ ਹੈ ਤਿਰੇ ਦਰਦ ਦਾ ਹਰ ਰੂਪ ਅਨੋਖ਼ਾ
ਆਉਂਦੀ ਹੈ ਤਿਰੀ ਯਾਦ ਕਈ ਭੇਸ ਬਦਲ ਕੇ

ਬੰਦ ਦਰੀਚੇ, ਜਲੇ ਹੋਏ ਕਾਗਜ਼, ਤੇ ਗੁੰਮ-ਸੁੰਮ ਦਰਵਾਜ਼ੇ
ਸਾਰੇ ਮੈਨੂੰ ਪੁੱਛ ਰਹੇ ਸਨ ਕਿੱਦਣ ਪਰਤ ਕੇ ਆਓਗੇ

ਕੋਈ ਕਾਫ਼ਿਲਾ ਲੰਘਿਐ ਰਾਤੀਂ
ਦੱਸਣ ਮਿੱਟੀ ਦੀਆਂ ਪਰਾਤਾਂ
ਕੈਸੇ ਹੌਕੇ ਸਨ ਜਿਨ੍ਹਾਂ ਨੇ ਆਸਮਾਂ ਵੀ ਚੀਰ 'ਤਾ
ਕੈਸੇ ਹੰਝੂ ਸਨ ਜਿਨ੍ਹਾਂ ਥੀਂ ਦਿਲ ਦਾ ਦਾਮਨ ਜਲ ਗਿਆ
ਅੰਦਰ ਦੀ ਦੁਨੀਆਂ ਨਾਲ ਯਾਰੀ ਪਾ ਹੁਣ ਸ਼ਾਕਿਰ
ਬਾਹਰ ਖੁੱਲ੍ਹਣ ਵਾਲੀ ਖਿੜਕੀ ਬੰਦ ਪਈ ਹੈ
ਸਤਿਹ ਤੇ ਪਾਣੀ ਦੀ ਹੁਣ ਕਾਈ ਨਜ਼ਰ ਆਉਂਦੀ ਨਹੀਂ
ਲਾਹ ਕੇ ਸਿਰ ਤੋਂ ਨਦੀ ਦੇ ਅੱਜ ਕੋਈ ਚਾਦਰ ਗਿਆ
ਹੜ੍ਹਾਂ ਦਾ ਮਾਰਿਆ ਸੀ ਉਹ ਜੋ ਪਿਆਸਾ ਲੱਗਦਾ ਸੀ
ਪਾਣੀ ਪਾਣੀ ਕਰਦਾ ਓਹ ਅੱਜ ਡੁੱਬ ਗਿਆ ਹੈ
ਕਿੱਡੀ ਲੰਮੀ ਹੈ ਮੰਜ਼ਿਲ, ਮਿਰੇ ਸਾਮ੍ਹਣੇ
ਨਾਲੇ ਸ਼ਾਕਿਰ ਕੋਈ ਹਮ-ਸਫ਼ਰ ਵੀ ਨਹੀਂ
ਹੱਸ ਪਈ ਫੁੱਲਾਂ 'ਚ ਖ਼ੁਸ਼ਬੂ ਸ਼ਾਕਿਰ
ਖਿੜ ਗਿਆ ਬੱਚਾ ਗੁਬਾਰਾ ਲੈ ਕੇ
ਕਿਦਾਂ ਤੈਅ ਹੋਵੇ ਜਿੰਦਗੀ ਦਾ ਮਿਆਰ
ਜਿਸਮ ਸ਼ਹਿਰੀ ਹੈ ਦਿਲ ਹੈ ਦੇਹਾਤੀ
ਗੁੰਮਨਾਮੀ ਦੀਆਂ ਗਲੀਆਂ ਵਿਚ ਤ੍ਰਾਰੀਖ਼ ਕਿਥੋਂ ਤੱਕ ਪਹੁੰਚੂਗੀ
ਇਕ ਤੂੰ ਹੀ ਸੁਕਰਾਤ ਨਹੀਂ ਏਂ ਹੋਰ ਬਥੇਰੇ ਗੁਜ਼ਰੇ ਹੋਸਨ
ਜਾਪਦੈ ਅਜ ਫੇਰ ਕੋਈ ਉਲਝਿਆ ਪੈੜਾਂ ਦੇ ਨਾਲ
ਮੁੜ ਕੋਈ ਬੁੱਲਾ ਕਈ ਪੱਤੇ ਉੜਾ ਕੇ ਲੈ ਗਿਆ

ਅੱਖਰ : 51839
ਸ਼ਬਦ : 13601
ਵਾਕ : 673